BEST DEAL TRAVEL INC.
SPECIAL FARE TO INDIA
LICENSE # BCCP 79578
#120 13740 72A Ave Surrey BC
YOU CAN CONTACT US AT WHATSAPP ALSO PARDEEP SANDHU
778-895-5422

AJAY JEWELLERS
SHREE GANPATI JEWELLERS (MOGA WALE)
All Kinds of Diamond, Gold & Silver Jewellery
2 LOCATIONS SERVES YOU
ABBOTSFORD
101-2580 Cedar Park Pl
Ph:604-746-3559
KELOWNA
22-301 Highway 33W
Ph:204-939-6999, 204-679-3822

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਪੰਜਾਬ ਗਾਰਡੀਅਨ ਐਬਟਸਫੋਰਡ
PUNJAB GUARDIAN
B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish
ALBERTA Edmonton Calgary
ONTARIO Otttawa, Brampton Toronto
QUEBEC Montreal
USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 31, Issue No. 31 Ending Date: Aug 02, 2024

JOT HOMOEOPATHIC CLINIC
No side effect
Dr. Parmjot Kaur
B.H.M.S
(Homeopathic Consultant)
Member of Canadian Society of Homeopathic
604-750-4080
drparmjotk31@gmail.com
Online appointment also available
#106, 8363, 128 st. Surrey, (Near Red FM Building)

# ਢਾਬੇ ਵਾਲੇ ਮੁਸਲਮਾਨ ਮਾਲਕ ਅਤੇ ਵਰਕਰਾਂ ਦੇ ਬੋਰਡ ਲਾਉਣ ਦਾ ਪੁਲਿਸ ਦਾ ਹੁਕਮ:ਸੁਪਰੀਮ ਕੋਰਟ ਵੱਲੋਂ ਫੈਸਲੇ ਉੱਤੇ ਰੋਕ



ਮੁਜ਼ੱਫਰਨਗਰ:-ਕਾਂਵੜ ਯਾਤਰਾ ਦੇ ਮੱਦੇਨਜ਼ਰ ਢਾਬਿਆਂ ਤੇ ਖਾਣ-ਪੀਣ ਦੀਆਂ ਦੁਕਾਨਾਂ ਵਾਲਿਆਂ ਦੇ ਮਾਲਕਾਂ ਤੇ ਮੁਲਜ਼ਮਾਂ ਦੀ ਸੂਚੀ ਦੇ ਬੋਰਡ ਲਗਵਾਉਣ ਦੇ ਮੁਜ਼ੱਫ਼ਨਗਰ ਪੁਲਿਸ ਦੇ ਫੈਸਲੇ ਉੱਤੇ ਸੁਪਰੀਮ ਕੋਰਟ ਨੇ ਰੋਕ ਲਗਾ ਦਿੱਤੀ ਹੈ।ਉੱਤਰ ਪ੍ਰਦੇਸ਼ ਅਤੇ ਉਤਰਾਖੰਡ ਦੀਆਂ ਸਰਕਾਰਾਂ ਨੇ ਕਾਵੜੀਆਂ ਯਾਤਰਾ ਦੌਰਾਨ ਹੋਟਲਾਂ ਤੋਂ ਮੁਸਲਮਾਨ ਮੁਲਾਜ਼ਮਾ ਨੂੰ ਹਟਾਉਂਣ ਦਾ ਫੈਸਲਾ ਪੂਰੇ ਸੂਬਿਆਂ ਵਿੱਚ ਲਾਗੂ ਕਰਨ ਦਾ ਆਦੇਸ਼ ਦਿੱਤਾ ਸੀ।ਕਾਂਵੜ ਯਾਤਰੀ ਸਾਉਣ ਦੇ ਮਹੀਨੇ ਗੰਗਾ ਤੋਂ ਗੰਗਾਜਲ ਲਿਆ ਕੇ ਸ਼ਿਵ ਨੂੰ ਆਪੋ-ਆਪਣੇ ਇਲਾਕਿਆਂ ਦੇ ਸ਼ਿਵ ਮੰਦਰਾਂ ਵਿੱਚ ਅਰਪਿਤ ਕਰਦੇ ਹਨ।ਇਹ ਲੋਕ ਪੈਦਲ ਆਉਂਦੇ ਚੱਲਦੇ ਹਨ ਅਤੇ ਸਾਤਵਿਕ ਭੋਜਨ ਕਰਦੇ ਹਨ।ਸੁਪਰੀਮ ਕੋਰਟ ਦੇ ਜਸਟਿਸ ਹਰੀਕੇਸ਼ ਰੌਏ ਅਤੇ ਐੱਸਵੀਐੱਨ ਭਾਟੀ ਦੀ ਦੋ ਜੱਜਾਂ ਦੀ ਬੈਂਚ ਨੇ ਮੁਜ਼ੱਫਰਨਗਰ ਪੁਲਿਸ ਦੇ ਐੱਸਐੱਸਪੀ ਦੇ ਉਸ ਫੈਸਲੇ ਉੱਤੇ ਰੋਕ ਲਾ ਦਿੱਤੀ ਹੈ।ਅਦਾਲਤ ਵੱਲੋਂ ਉਨ੍ਹਾਂ ਸੂਬਿਆਂ ਨੂੰ ਨੋਟਿਸ ਭੇਜਿਆ ਹੈ ਜਿੱਥੇ ਇਹ ਹੁਕਮ ਲਾਗੂ ਕੀਤੇ ਗਏ ਸਨ, ਜਿੰਨ੍ਹਾਂ ਵਿੱਚ ਮੱਧ ਪ੍ਰਦੇਸ਼ ਉੱਤਰ ਪ੍ਰਦੇਸ਼ ਅਤੇ ਉਤਰਾਖੰਡ ਹਨ।ਮੁਜ਼ੱਫਰਨਗਰ ਦੇ ਨੇੜੇ ਬਜਹੇੜੀ ਬਾਈਪਾਸ, ਜੋ ਹਰਿਦੁਆਰ ਵੱਲ ਜਾਂਦਾ ਹੈ। ਇੱਥੇ ਇੱਕ ਪੰਜਾਬੀ ਤੜਕਾ ਢਾਬਾ ਹੈ, ਜਿਸ ਨੂੰ ਮੁਸਲਮਾਨ ਅਤੇ ਹਿੰਦੂ ਮਾਲਕ ਮਿਲ ਕੇ ਚਲਾਉਂਦੇ ਹਨ।ਹੁਣ ਇਸ ਢਾਬੇ 'ਤੇ ਮਾਲਕ ਤੋਂ ਇਲਾਵਾ ਇੱਥੇ ਕੰਮ ਕਰਨ ਵਾਲੇ ਲੋਕਾਂ ਦੇ ਨਾਂ ਵੀ ਲਿਖੇ ਹੋਏ ਹਨ।ਇੱਥੇ (ਬਾਕੀ ਸਫਾ ਬੀ-15 ਤੇ)

# ਗੁਰੂ ਨਾਨਕ ਜਹਾਜ਼ ਦੀ 110 ਸਾਲਾ ਮੌਜੂਦਗੀ ਅਤੇ ਚੜ੍ਹਦੀ ਕਲਾ ਦੇ ਸਫ਼ਰ ਤੇ ਵੈਨਕੂਵਰ 'ਚ ਸਮਾਗਮ

## ਜਹਾਜ਼ ਦੇ ਅਸਲੀ ਨਾਂ 'ਗੁਰੂ ਨਾਨਕ ਜਹਾਜ਼' ਦੀ ਬਹਾਲੀ ਦੇ ਹੱਕ ਵਿੱਚ ਸਰਬ-ਸੰਮਤੀ ਨਾਲ ਮਤੇ ਪਾਸ

## ਗੁਰੂ ਨਾਨਕ ਜਹਾਜ਼ ਸਬੰਧੀ ਦੁਰਲਭ ਲਿਖਤਾਂ ਦੀਆਂ ਦੋ ਕਿਤਾਬਾਂ ਲੋਕ ਅਰਪਣ

ਵੈਨਕੂਵਰ:ਅੱਜ ਤੋਂ 11 ਦਹਾਕੇ ਪਹਿਲਾਂ ਕੈਨੇਡਾ ਦੇ ਬਸਤੀਵਾਦ ਅਤੇ ਨਸਲਵਾਦ ਦਾ, ਚੜ੍ਹਦੀ ਕਲਾ ਅਤੇ ਭਾਈਚਾਰਕ ਸਾਂਝ ਨਾਲ ਮੁਕਾਬਲਾ ਕਰਨ ਵਾਲੇ ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦੀ ਨਿੱਡਰ ਅਤੇ ਸੁਤੰਤਰ ਹਸਤੀ ਬਾਰੇ ਸਮੁੰਦਰੀ ਤੱਟ 'ਤੇ ਇੱਕ ਸ਼ਾਨਦਾਰ ਸਮਾਗਮ ਉਲੀਕਿਆ ਗਿਆ। ਇਸ ਵਿੱਚ ਕੈਨੇਡਾ ਵਸਦੇ ਪੰਜਾਬੀ ਭਾਈਚਾਰੇ ਨਾਲ ਕੇਂਦਰੀ ਸੂਬਾਈ ਅਤੇ ਸ਼ਹਿਰੀ ਪੱਧਰ ਤੇ ਚੁਣੇ ਹੋਏ ਐਮਪੀ, ਐਮਐਲਏ ਅਤੇ ਕੌਂਸਲਰ ਤੋਂ ਇਲਾਵਾ ਵੱਖ ਵੱਖ (ਬਾਕੀ ਸਫਾ ਬੀ-11 ਤੇ)



The Mortgage Centre
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
ਘਰਾਂ ਦੀ ਮੌਰਟਗੇਜ ਕੰਸਟਰਕਸ਼ਨ ਮੌਰਟਗੇਜ ਕਮਰਸ਼ੀਅਲ ਲੋਨ ਪ੍ਰਾਈਵੇਟ ਲੋਨ
- Purchases with 5% Down Payment
- Refinance & Renewals at Best Rates
- Self-employment - Special Programs
- Second Mortgage & Equity Loans (No Income Verification)
- Private financing - Easy Approvals
- Low Income & Bad Credit Financing
Satnam Saroya
Mortgage Specialist
604.760.9172
# 384-8148 128 St, Surrey
(Payal Buss. Centre)

ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
ਜਸਵੀਰ ਗਰੇਵਾਲ
778 317 6262
ਆਪਣਾ ਜੀਵਨ ਬੀਮਾ ਕਰਵਾਉਣ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

Colorful Painting Ltd
ਨਵੇਂ ਜਾਂ ਪੁਰਾਣੇ ਘਰ/ਵਪਾਰ 'ਤੇ ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ।
Commercial & Residential Interior & Exterior
Ph:604-897-2526

TRANSWORLD TRAVEL
ਗੇੜਾ ਜਿੱਥੇ ਮਰਜੀ ਲਾਉ, ਸਸਤੀ ਟਿਕਟ ਸਾਡੇ ਕੋਲੋਂ ਹੀ ਬਣਵਾਉ
Air Canada Direct YVR to Delhi
604-852-2204

ਪੰਜਾਬ ਗਾਰਡੀਅਨ
Book Your Ad Today
604-590-5200

We Moved To New Location
27441-FRASER HWY. ALDERGROVE, BC
Universal Auto Collision Ltd.
- ICBC Claims
- Private Claims
- Free Courtesy Cars
- Auto Glass Replacement
- Free Estimates
Ph. 604-596-2800
Fax: 604-596-3800
Satisfaction Guarantee

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਗੁਰੂ ਨਾਨਕ ਜਿਊਲਰਜ਼ ਲਿ:
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

IATA SIDHU TRAVEL LTD.
Rani Sidhu:604-504-3400
Manpreet:604-800-3003
BESTWAY Foreign Exchange Ltd.
Sony Sidhu (Zira)
Ph: 778-246-2500
604-592-2676
Unit 109, 12830-80 Ave York Centre Surrey

ਵਰਕਰਾਂ ਦੀ ਲੋੜ
ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜ਼ਾਨਾ
Ph:604-209-2722

ADVERTISE HERE
If you are reading this, so are your potential customers!
Contact us for details.
ਪੰਜਾਬ ਗਾਰਡੀਅਨ ਨਾਲ ਐਡ ਪਾਉ ਅਤੇ ਆਪਣਾ ਬਿਜ਼ਨਸ ਵਧਾਓ
Call to Advertise
604-590-5200

READY FOR A FRESH START!
With updated strategies and a fast network, we'll re-list and ensure your home gets the attention it deserves.
*RESIDENTIAL *COMMERCIAL *AGRICULTURAL
We are happy to answer all of your questions.
DR. GURVINDER SINGH DHALIWAL 604-825-1550
gurvindersinghprec@gmail.com
WWW.GURVINDERSINGHDHALIWAL.COM

ਪੰਜਾਬ ਗਾਰਡੀਅਨ
Call to Advertise
604-590-5200

FARM AND SPICE

FARM AND SPICE

# Weekly Special

## JULY 26-Aug 01

Colorful **Rakhis** Available

| | | |
|---|---|---|
| ਧਨੀਆ<br>Cilantro | each | $0.79 |
| ਨਿੰਬੂ (ਹਰੇ/ਪੀਲੇ)<br>Limes/Lemon | 2 For | $0.99 |
| ਘੀਆ/ਜ਼ੁਕੀਨੀ<br>Opo Long/Zuchinni | per lb | $0.99 |
| ਟਮਾਟਰ<br>Field Tomatoes | per lb | $1.49 |
| ਸੇਬ<br>Apples | Ambrosia/Cosmic Crisp/Pink Lady- per lb | $1.49 |
| ਸੈਲਰੀ<br>Celery | each | $1.99 |
| ਅਦਰਕ<br>Ginger | per lb | $1.99 |
| ਗੋਬੀ<br>Cauliflower | each | $1.99 |
| ਮਤੀਰਾ/ਖਰਬੂਜਾ<br>Watermelon/Cantaloupe | each | $2.99 |
| ਰੂਹਅਫਜ਼ਾ<br>Roohafza | Pakistani (800ml) each | $3.99 |
| ਪੇਸੀ ਗੁੜ<br>Sher | Pesi Gur (1kg) | $3.99 |
| ਦਾਲਾਂ<br>Sher Lentils | Red Split/Crimison Whole (4Lb) each | $3.99 |
| ਦਾਲਾਂ<br>Sher Lentils | Chana/Kabuli Chikpeas<br>Light kidney beans<br>Moong Dal Wash each | $4.99 |
| ਜੂਸ<br>ITN Juices | Assorted (3Ltr) each | $6.99 |
| ਹੀਰ ਆਟਾ<br>Heer Atta | Chakki/Whole Wheat (20Lb) each | $12.99 |
| ਰੋਇਲ ਚਾਵਲ<br>Royal | Basmati Rice (10Lb) each | $13.99 |

*while supply last

Open 7 Days a Week
8:30 am to 9:00 pm

farmandspice.com

#9546-9548 Scott Town Plaza
96 Ave Scott Road Surrey

# 09-10 12830 96 Ave.
Surrey BC | Tel: 604 930 7742

# 103-104 14320 64 Ave.
Surrey BC | Tel: 604 593 6323

# ਕੌਮਾਂਤਰੀ ਵਿਦਿਆਰਥੀਆਂ ਨੂੰ ਪੱਕੇ ਨਹੀਂ ਕਰੇਗਾ ਕੈਨੇਡਾ

ਆਟਵਾ: ਕੈਨੇਡਾ ਦੇ ਇਮੀਗਰੇਸ਼ਨ ਮੰਤਰੀ ਮਾਈਕ ਮਿੱਲਰ ਨੇ ਕੌਮਾਂਤਰੀ ਵਿਦਿਆਰਥੀਆਂ 'ਤੇ ਹੋਰ ਸਖਤੀ ਕਰਦਿਆਂ ਕਿਹਾ ਹੈ ਕਿ ਸਟੱਡੀ ਪਰਮਿਟ ਕਿਸੇ ਨੂੰ ਵੀ ਕੈਨੇਡਾ ਵਿੱਚ ਪੱਕੇ ਹੋਣ ਦੀ ਗਾਰੰਟੀ ਨਹੀਂ ਦਿੰਦਾ ਤੇ ਨਾ ਹੀ ਹੁਣ ਇਸ ਨੂੰ ਪੀਆਰ ਦਾ ਵਸੀਲਾ ਬਣਨ ਦਿੱਤਾ ਜਾਏਗਾ। ਮੰਤਰੀ ਨੇ ਸਖਤ ਭਰੇ ਲਹਿਜ਼ੇ ਵਿਚ ਕਿਹਾ ਕਿ ਬਾਹਰਲੇ ਦੇਸ਼ਾਂ ਤੋਂ ਆਉਣ ਵਾਲੇ ਵਿਦਿਆਰਥੀ ਇਹ ਸੋਚ ਕੇ ਹੀ ਇੱਥੇ ਆਉਣ। ਮੰਤਰੀ ਨੇ ਕਿਹਾ ਕਿ ਇੱਥੇ ਵੱਡੀ ਗਿਣਤੀ ਵਿਚ ਆਏ ਵਿਦਿਆਰਥੀ ਪਹਿਲਾਂ ਹੀ ਸਰਕਾਰ ਲਈ ਚੁਣੌਤੀ ਬਣੇ ਹੋਏ ਹਨ। ਕਾਮਿਆਂ ਦੀ ਲੋੜ ਬਾਰੇ ਕੀਤੇ ਸਰਵੇਖਣਾਂ ਤੋਂ ਪਤਾ ਲੱਗਿਆ ਹੈ ਕਿ ਇਸ ਪ੍ਰਣਾਲੀ ਦੀ ਵੱਡੇ ਪੱਧਰ 'ਤੇ ਦੁਰਵਰਤੋਂ ਹੋ ਰਹੀ ਹੈ ਜਿਸ 'ਤੇ ਹੁਣ ਪੂਰੀ ਤਰ੍ਹਾਂ ਕਾਬੂ ਪਾ ਲਿਆ ਜਾਏਗਾ। ਮਾਈਕ ਮਿਲਰ ਨੇ ਸੰਕੇਤ ਦਿੱਤੇ ਕਿ ਇਸ ਪ੍ਰਣਾਲੀ ਵਿਚਲੀਆਂ ਚੋਰ ਮੋਰੀਆਂ ਬੰਦ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਖਤੀ ਦੇ ਨਤੀਜੇ ਸਾਹਮਣੇ ਆਉਣ ਲੱਗੇ ਹਨ ਤੇ ਹੁਣ ਕਈ ਦੇਸ਼ਾਂ ਦੇ ਸਟੱਡੀ ਪਰਮਿਟ 'ਤੇ ਆ ਰਹੇ ਵਿਦਿਆਰਥੀਆਂ ਦੀ ਗਿਣਤੀ ਕਾਫੀ ਘੱਟ ਗਈ ਹੈ। ਇਸ ਸਖਤੀ ਤੋਂ ਪ੍ਰੇਸ਼ਾਨ ਹੋਏ ਕਈ ਲੋਕਾਂ ਨੇ ਮੰਤਰੀ ਦੀ ਨੁਕਤਾਚੀਨੀ ਕਰਦਿਆਂ ਕਿਹਾ ਹੈ ਕਿ ਜੇ ਸਰਕਾਰ ਨੇ ਇਸ ਮਾਮਲੇ ਫ਼ਰਸਤੂਤੇ ਪਹਿਲਾਂ ਹੀ ਕਾਬੂ ਪਾਇਆ ਹੁੰਦਾ ਤਾਂ ਵਿਦਿਆਰਥੀਆਂ ਦੀਆਂ ਮੁਸੀਬਤਾਂ ਨਾ ਵਧਦੀਆਂ।

ਵਿਦਿਆਰਥੀ ਜਥੇਬੰਦੀਆਂ ਨੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ 70 ਹਜ਼ਾਰ ਵਿਦਿਆਰਥੀਆਂ ਦੇ ਸਿਰ ਫ਼ਰਸਤੂਤੇ ਪਹਿਲਾਂ ਹੀ ਦੇਸ਼ ਨਿਕਾਲੇ ਦੀ ਤਲਵਾਰ ਲਟਕ ਰਹੀ ਹੈ ਜਿਨ੍ਹਾਂ ਵਿਚੋਂ 10 ਹਜ਼ਾਰ ਨੂੰ ਵਾਪਸੀ ਲਈ ਕਹਿ ਵੀ ਦਿੱਤਾ ਗਿਆ ਹੈ।

# ਅਮਰੀਕਾ ਦੇ ਗੁਰਦੁਆਰਾ ਸਾਹਿਬਾਨਾਂ ਦੇ ਧਾਰਮਿਕ/ਮਰਿਯਾਦਾ ਅਤੇ ਪ੍ਰਬੰਧਕੀ ਮਾਮਲਿਆਂ ਦਾ ਨਿਵਾਰਨ ਕਰਨ ਲਈ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ 7 ਮੈਂਬਰੀ ਸਬ ਕਮੇਟੀ ਦਾ ਗਠਨ



ਸ੍ਰੀ ਅੰਮ੍ਰਿਤਸਰ ਸਾਹਿਬ :ਸਿੱਖ ਕੌਮ ਦੀ ਸਰਬ ਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸਤਿਕਾਰ ਯੋਗ, ਸਿੰਘ ਸਾਹਿਬ ਜਥੇਦਾਰ ਸਾਹਿਬ ਜੀ ਨੇ ਅਮਰੀਕਾ ਦੇ ਗੁਰਦੁਆਰਾ ਸਾਹਿਬਾਨਾਂ ਦੇ ਧਾਰਮਿਕ/ਮਰਿਯਾਦਾ ਅਤੇ ਪ੍ਰਬੰਧਕੀ ਮਾਮਲਿਆਂ ਦਾ ਨਿਵਾਰਨ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਅਧਾਰਿਤ 7 ਮੈਂਬਰੀ ਸਬ ਕਮੇਟੀ ਨੀਯਤ ਕੀਤੀ ਗਈ ਹੈ ।ਇਹ ਸਬ ਕਮੇਟੀ ਗੁਰੂ ਸਾਹਿਬ ਜੀ ਦੀ ਭੈਅ ਭਾਵਨੀ ਵਿੱਚ ਰਹਿੰਦਿਆਂ ਹੋਇਆਂ ਗੁਰਮਤਿ ਦੀ ਰੋਸ਼ਨੀ ਦੁਆਰਾ ਨਿਰਪੱਖਤਾ ਨਾਲ ਗੁਰ ਸਾਹਿਬ ਜੀ ਦੀ ਦਰਸਾਈ ਹੋਈ ਮਰਯਾਦਾ ਅਨੁਸਾਰ ਸੇਵਾ ਨਿਭਾਏਗੀ। ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਇਸ ਕਮੇਟੀ ਵਿਚ ਵਿਸ਼ੇਸ਼ ਤੌਰ ਤੇ ਬੀਬੀਆਂ ਨੂੰ ਵੀ ਸਤਿਕਾਰ ਦਿੰਦਿਆ ਹੋਇਆਂ ਇਸ ਸਬ ਕਮੇਟੀ ਵਿੱਚ ਬੀਬੀ ਗੁਰਵਿੰਦਰ ਕੌਰ ਨੂੰ ਵੀ ਸ਼ਾਮਲ ਕੀਤਾ ਗਿਆ ਹੈ ਜੋ ਅਤਿ ਸ਼ਲਾਘਾਯੋਗ ਹੈ। ਸਿੰਘ ਸਾਹਿਬ ਜੀ ਵੱਲੋਂ ਵਿਸ਼ੇਸ਼ ਤੌਰ ਇਸ ਸਬ ਕਮੇਟੀ ਦੇ ਕੋਆਰਡੀਨੇਸ਼ਨ ਦੀ ਸੇਵਾ ਭਾਈ ਸਵਿੰਦਰ ਸਿੰਘ ਮੈਰੀਲੈਂਡ ਦੇ ਜ਼ੁੰਮੇ ਲਾਈ ਗਈ ਹੈ ਅਤੇ ਜੋ ਸਮੇਂ ਸਮੇਂ ਤੇ ਸਾਰੀ ਜਾਣਕਾਰੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਭੇਜਣਗੇ। ਬੀਤੇ ਦਿਨ ਇਸ ਕਮੇਟੀ ਦੇ ਮੈਂਬਰਾਂ ਨੇ ਪਹਿਲੀ ਮਿਟਿੰਗ 20 ਜੁਲਾਈ 2024 ਨੂੰ ਕੀਤੀ ਅਤੇ ਸਮੂਹ ਮੈਂਬਰਾਂ ਨੇ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਆਉਣ ਵਾਲੇ ਸਮੇਂ ਵਿੱਚ ਸਮੂਹ ਕਮੇਟੀ ਮੈਂਬਰ ਖਾਸਲਾ ਪੰਥ ਦੀਆਂ ਰਹੁ ਰੀਤਾਂ ਅਨੁਸਾਰ ਪੰਥਕ ਸੇਵਾਵਾਂ ਕਰ ਸਕਣ ਅਤੇ ਅਮਰੀਕਾ ਵਿੱਚ ਰਹਿੰਦੇ ਸਮੂਹ ਸਿੱਖਾਂ ਦਾ ਆਪਸੀ ਪਰਸਪਰ ਪਿਆਰ, ਏਕਤਾ ਰੱਖਣ ਵਿੱਚ ਆਪਣਾ ਯੋਗਦਾਨ ਪਾ ਸਕਣ। ਮੀਟਿੰਗ ਦੌਰਾਨ ਸਮੂਹ ਮੈਬਰਾਨ ਜਿਸ ਵਿਚ ਸ ਜਸਪ੍ਰੀਤ ਸਿੰਘ ਜੀ ਐਡਵੋਕੇਟ (ਕੈਲੀਫੋਰਨੀਆ) ਭਾਈ ਸਵਿੰਦਰ ਸਿੰਘ ਜੀ (ਮੈਰੀਲੈਂਡ), ਭਾਈ ਰਣਜੀਤ ਸਿੰਘ ਜੀ (ਨਿਊਯਾਰਕ) ਬੀਬੀ ਗੁਰਵਿੰਦਰ ਕੌਰ ਜੀ (ਵਰਜੀਨੀਆ), ਬਾਬਾ ਮੁਖਤਿਆਰ ਸਿੰਘ ਜੀ ਮੁਖੀ (ਇੰਡੀਆਨਾ), ਸ ਅਜੈਪਾਲ ਸਿੰਘ ਜੀ (ਨਿਊਯਾਰਕ), ਸ ਅਮਰੀਕ ਸਿੰਘ ਜੀ (ਸ਼ਿਕਾਗੋ) ਸ਼ਾਮਲ ਹੋਏ।

# ਮੁਸਲਿਮ ਜਗਤ ਨੋਟਿਸ ਲਵੇ:ਭਾਰਤ ਸਰਕਾਰ ਵਿਰੁੱਧ ਇੱਕਜੁੱਟ ਹੋਵੇ:ਮਾਨ

ਪਟਿਆਲਾ:ਹਿੰਦੂਤਵ ਹੁਕਮਰਾਨਾਂ ਵੱਲੋਂ ਸੌ-ਸੌ ਸਾਲ ਬਣੀਆਂ ਹੋਈਆਂ ਪੁਰਾਣੀਆਂ ਮਸਜਿਦਾਂ ਨੂੰ ਜ਼ਬਰੀ ਬੁਲਡੋਜਰਾਂ ਨਾਲ ਢਾਹ ਕੇ ਮੰਦਰ ਬਣਾਏ ਜਾ ਰਹੇ ਹਨ, ਕਿ ਇਸ ਜਗਾਂ ਤੇ ਪਹਿਲਾਂ ਮੰਦਰ ਸੀ, ਜਿਸਦੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਸਖ਼ਤ ਸ਼ਬਦਾਂ ਵਿਚ ਜਿਥੇ ਨਿੰਦਾ ਕਰਦਾ ਹੈ, ਉਥੇ ਸਮੁੱਚੀ ਮੁਸਲਿਮ ਕੌਮ ਅਤੇ ਆਰਗਨਾਈਜੇਸ਼ਨ ਆਫ਼ ਇਸਲਾਮਿਕ ਕੰਟਰੀ, ਜੋਕਿ ਸੰਸਾਰ ਪੱਧਰ ਦੀ ਸੰਸਥਾਂ ਹੈ, ਨੂੰ ਅਪੀਲ ਕਰਦਾ ਹੈ ਕਿ ਉਹ ਆਪਣੀਆ ਮਸਜਿਦਾਂ ਨੂੰ ਬਚਾਉਣ ਲਈ ਇੰਡੀਆ ਸਰਕਾਰ ਦੇ ਵਿਰੁੱਧ ਇਕਜੁੱਟ ਹੋ ਕੇ ਸੰਸਾਰ ਪੱਧਰ ਤੇ ਆਵਾਜ ਉਠਾਉਣ ਅਤੇ ਆਪਣਾ ਰੋਸ ਵੀ ਦਰਜ ਕਰਨ। ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪ੍ਰਗਟ ਕਰਦੇ ਹੋਏ ਕਿਹਾ ਕਿ ਹਿੰਦੂਤਵ ਹਕੂਮਤ ਅਜਿਹਾ ਕਰਕੇ ਅਤਿ ਵਿਸਫੋਟਕ ਹਾਲਾਤ ਪੈਦਾ ਕਰ ਰਹੇ ਹਨ। ਇਹ ਕੇਵਲ ਇਕ ਮੁਸਲਿਮ ਕੌਮ ਤੱਕ ਹੀ ਸੀਮਤ ਨਹੀਂ ਹਨ, ਬਲਕਿ ਸਾਡੇ ਸਦੀਆਂ ਪੁਰਾਣੇ ਇਤਿਹਾਸਿਕ ਅਸਥਾਂਨ ਜਿਸਦੀ ਨੀਂਹ ਸ੍ਰੀ ਗੁਰੂ ਰਾਮ ਦਾਸ ਜੀ ਨੇ ਇਕ ਮੁਸਲਿਮ ਪੀਰ ਮੀਆ ਮੀਰ ਤੋਂ ਰਖਵਾਕੇ ਸਰਬਸਾਂਝੇ ਸ੍ਰੀ ਦਰਬਾਰ ਸਾਹਿਬ ਦੇ ਮਹਾਨ ਅਸਥਾਨ ਨੂੰ ਬਣਵਾਇਆ ਸੀ ਹੁਕਮਰਾਨ ਇਸ ਅਸਥਾਨ ਨੂੰ ਵੀ ਲਵ-ਕੁਥ ਦੋ ਸਥਾਨ ਦਸ ਕੇ ਗੁੰਮਰਾਹਕੁੰਨ ਪ੍ਰਚਾਰ ਕਰ ਰਹੇ ਹਨ। ਅਸਲੀਅਤ ਵਿਚ ਇਹ ਘੱਟ ਗਿਣਤੀ ਕੌਮਾਂ ਦੇ ਇਤਿਹਾਸਿਕ ਤੇ ਵੱਡੇ ਧਾਰਮਿਕ ਸਥਾਨਾਂ ਨੂੰ ਤਹਿਸ- ਨਹਿਸ ਕਰਨ ਦੀਆਂ ਖਤਰਨਾਕ ਕਾਰਵਾਈਆਂ ਕਰ ਰਹੇ ਹਨ। ਇਸੇ ਸੋਚ ਅਧੀਨ ਦੱਖਣੀ ਸੂਬਿਆਂ ਵਿਚ ਇਸਾਈਆ ਦੇ ਚਰਚਾਂ ਤੇ ਗਿਰਜਾਘਰਾਂ ਨੂੰ ਅਗਨਭੇਟ ਕੀਤਾ ਗਿਆ, ਜਦਕਿ ਇੰਡੀਅਨ ਵਿਧਾਨ ਦੀ ਧਾਰਾ 14 ਸਭ ਕੌਮਾਂ, ਧਰਮਾਂ, ਕਬੀਲਿਆਂ ਆਦਿ ਨੂੰ ਹਰ ਖੇਤਰ ਵਿਚ ਬਰਾਬਰਤਾ ਦੇ ਅਧਿਕਾਰ ਪ੍ਰਦਾਨ ਕਰਦੀ ਹੈ। ਘੱਟ ਗਿਣਤੀਆਂ ਦੇ ਧਾਰਮਿਕ ਸਥਾਨਾਂ ਨੂੰ ਨਿਸ਼ਾਨਾਂ ਬਣਾਏ ਜਾਣ ਦੇ ਵਿਰੁੱਧ ਮੁਸਲਿਮ ਕੌਮ ਅਤੇ ਸਮੁੱਚੀਆਂ ਘੱਟ ਗਿਣਤੀ ਕੌਮਾਂ ਨੂੰ ਇਕ-ਜੁੱਟ ਹੋਕੇ ਹਿੰਦੂਤਵ ਹੁਕਮਰਾਨਾਂ ਦੀ ਜਾਲਮਾਨਾਂ ਨੀਤੀ ਵਿਰੁੱਧ ਡੱਟਣਾ ਚਾਹੀਦਾ ਹੈ, ਤਾਂਕਿ ਪੁਰਾਤਨ ਮਸਜਿਦਾਂ, ਗਿਰਜਾਘਰ ਅਤੇ ਗੁਰੂਘਰਾਂ ਨੂੰ ਹਿੰਦੂਤਵ ਹੁਕਮਰਾਨ ਕੋਈ ਨੁਕਸਾਨ ਨਾ ਪਹੁੰਚਾ ਸਕਣ।


BADH
26 YEARS EXPERIENCE IN ACCOUNTING
Accounting Services
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC



Jasbir Singh Badh



Charlesworth
insurance services ltd.
Servicing the following insurance needs:
- Homeowners
- Tenants
- Farms
- Travel
- Life
- Condo
- RV's
- Business
- Contractors
- Disability
- Cargo
- Liability
- Auto
- Private Auto
- Marriage Licence Issuer

autoplan

"For Fast, Friendly and Reliable Service!"



Phone:
604-852-2565
Fax: 852-2996
OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM
1A-32465 South Fraser Way, Abbotsford, BC V2T 1X4



KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com




Best Rates
ਵਿਆਹ ਦੇ ਕਾਰਡ

Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures
All kinds of Signs and Decals

ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਇਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ

ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ


# ਅੰਮ੍ਰਿਤਪਾਲ ਸਿੰਘ ਦੀ ਚੋਣ ਨੂੰ ਆਜ਼ਾਦ ਉਮੀਦਵਾਰ ਵਿਕਰਮਜੀਤ ਸਿੰਘ ਨੇ ਹਾਈਕੋਰਟ 'ਚ ਦਿੱਤੀ ਚੁਣੌਤੀ:ਮੈਂਬਰਸ਼ਿਪ ਰੱਦ ਕਰਨ ਦੀ ਕੀਤੀ ਮੰਗ



ਜਲੰਧਰ- ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਚੋਣ ਨੂੰ ਆਜ਼ਾਦ ਉਮੀਦਵਾਰ ਵਿਕਰਮਜੀਤ ਸਿੰਘ ਨੇ ਪੰਜਾਬ ਹਰਿਆਣਾ ਹਾਈਕੋਰਟ 'ਚ ਚੁਣੌਤੀ ਦਿੱਤੀ ਹੈ। ਵਿਕਰਮਜੀਤ ਸਿੰਘ ਨੇ ਆਪਣੀ ਪਟੀਸ਼ਨ 5 ਗੱਲਾਂ 'ਤੇ ਆਧਾਰਿਤ ਕੀਤੀ ਹੈ। ਵਿਕਰਮਜੀਤ ਸਿੰਘ ਵੱਲੋਂ ਦੋਸ਼ ਲਗਾਇਆ ਗਿਆ ਹੈ ਕਿ ਵਾਰਿਸ ਪੰਜਾਬ ਜਥੇਬੰਦੀ ਦੇ ਮੁਖੀ ਅਤੇ ਖਡੂਰ ਸਾਹਿਬ ਤੋਂ ਆਜ਼ਾਦ ਚੋਣ ਜਿੱਤੇ ਅੰਮ੍ਰਿਤਪਾਲ ਸਿੰਘ ਦੇ ਨਾਮਜ਼ਦਗੀ ਦਸਤਾਵੇਜ਼ਾਂ ਵਿਚ ਕਈ ਜਾਣਕਾਰੀਆਂ ਛੁਪਾਈਆਂ ਗਈਆਂ ਹਨ। ਵਿਕਰਮਜੀਤ ਸਿੰਘ ਨੇ ਦਾਅਵਾ ਕੀਤਾ ਹੈ ਕਿ ਅੰਮ੍ਰਿਤਪਾਲ ਸਿੰਘ ਦਾ ਨਾਮਜ਼ਦਗੀ ਪੱਤਰ ਅਧੂਰਾ ਹੈ। ਫੰਡਾਂ, ਦਾਨ ਅਤੇ ਖ਼ਰਚੇ ਬਾਰੇ ਜਾਣਕਾਰੀ ਛੁਪੀ ਹੋਈ ਸੀ। ਵੋਟਾਂ ਮੰਗਣ ਲਈ ਧਾਰਮਿਕ ਸਥਾਨਾਂ ਦੀ ਵਰਤੋਂ ਕੀਤੀ ਗਈ। ਬਿਨਾਂ ਪ੍ਰਵਾਨਗੀ ਤੋਂ ਚੋਣ ਪ੍ਰਚਾਰ ਸਮੱਗਰੀ ਛਾਪੀ ਗਈ। ਚੋਣ ਕਮਿਸ਼ਨ ਦੀ ਇਜਾਜ਼ਤ ਲਏ ਬਿਨਾਂ ਸੋਸ਼ਲ ਮੀਡੀਆ 'ਤੇ ਪ੍ਰਚਾਰ ਕੀਤਾ ਗਿਆ। ਅਜਿਹੇ 'ਚ ਵਿਕਰਮਜੀਤ ਸਿੰਘ ਨੇ ਚੋਣ ਕਮਿਸ਼ਨ ਨੂੰ ਵੀ ਪਾਰਟੀ ਬਣਾਇਆ ਹੈ। ਪਟੀਸ਼ਨ 'ਤੇ ਸੁਣਵਾਈ 6 ਅਗਸਤ ਤੋਂ ਸ਼ੁਰੂ ਹੋਵੇਗੀ। ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ, ਪੰਜਾਬ ਚੋਣ ਕਮਿਸ਼ਨ ਦੇ ਚੋਣ ਖ਼ਰਚਾ ਅਫ਼ਸਰ, ਮੁੱਖ ਚੋਣ ਅਫ਼ਸਰ, ਖਡੂਰ ਸਾਹਿਬ ਲੋਕ ਸਭਾ ਖੇਤਰ ਦੇ ਰਿਟਰਨਿੰਗ ਅਫ਼ਸਰ ਨੂੰ ਪਾਰਟੀ ਬਣਾਇਆ ਗਿਆ ਹੈ।

ਲੋਕ ਪ੍ਰਤੀਨਿਧੀ ਕਾਨੂੰਨ ਤਹਿਤ ਲੋਕ ਸਭਾ ਚੋਣਾਂ ਤੋਂ ਬਾਅਦ 45 ਦਿਨਾਂ ਦੇ ਅੰਦਰ ਲੋਕ ਨੁਮਾਇੰਦੇ ਦੀ ਚੋਣ ਨੂੰ ਚੁਣੌਤੀ ਦਿੱਤੀ ਜਾ ਸਕਦੀ ਹੈ। ਇਹ ਪਟੀਸ਼ਨ 1975 ਦੀ ਘਟਨਾ ਰਾਹੀਂ ਯਾਦ ਕੀਤੀ ਜਾਂਦੀ ਹੈ। 1971 ਵਿਚ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਯੂ.ਪੀ. ਦੀ ਰਾਏਬਰੇਲੀ ਸੀਟ ਤੋਂ ਸੰਸਦ ਮੈਂਬਰ ਚੁਣੀ ਗਈ ਸੀ। ਫਿਰ ਰਾਜਨਰਾਇਣ ਸਿੰਘ ਨੇ ਉਨ੍ਹਾਂ ਦੀ ਚੋਣ ਨੂੰ ਚੁਣੌਤੀ ਦਿੱਤੀ। ਇਲਾਹਾਬਾਦ ਹਾਈਕੋਰਟ ਨੇ ਆਪਣੇ ਫ਼ੈਸਲੇ ਵਿਚ ਇੰਦਰਾ ਗਾਂਧੀ ਦੀ ਚੋਣ ਰੱਦ ਕਰ ਦਿੱਤੀ ਸੀ।

# ਸ਼ਰਾਰਤੀ ਅਨਸਰਾਂ ਨੇ ਲਿਖੇ ਐਡਮਿੰਟਨ ਵਿੱਚ ਮੰਦਰ ਦੀ ਕੰਧ ਤੇ ਨਾਅਰੇ




ਐਡਮਿੰਟਨ- ਅਲਬਰਟਾ ਦੀ ਰਾਜਧਾਨੀ ਐਡਮਿੰਟਨ ਵਿੱਚ 23 ਜੁਲਾਈ ਨੂੰ ਇੱਕ ਹਿੰਦੂ ਮੰਦਰ ਵਿੱਚ ਭੰਨਤੋੜ ਕੀਤੀ ਗਈ ਸੀ। ਇਸ ਘਟਨਾ ਨੇ ਕੈਨੇਡਾ ਵਿੱਚ ਹਿੰਦੂ ਸੰਸਥਾਵਾਂ ਉੱਤੇ ਹਾਲ ਹੀ ਵਿੱਚ ਹੋਏ ਹਮਲਿਆਂ ਦੀ ਲੜੀ ਵਿੱਚ ਵਾਧਾ ਕੀਤਾ ਹੈ। ਵੈਨਕੂਵਰ ਵਿੱਚ ਭਾਰਤ ਦੇ ਕੌਂਸਲੇਟ ਜਨਰਲ ਨੇ ਇੱਕ ਪੋਸਟ ਵਿੱਚ ਕਿਹਾ, "ਅਸੀਂ ਐਡਮਿੰਟਨ ਵਿੱਚ ਸ਼੍ਰੀ ਸਵਾਮੀਨਾਰਾਇਣ ਮੰਦਰ ਨੂੰ ਭਾਰਤ ਵਿਰੋਧੀ ਗਰੈਫਿਟੀ ਨਾਲ ਬਦਨਾਮ ਕਰਨ ਦੀ ਨਿੰਦਾ ਕਰਦੇ ਹਾਂ। ਅਸੀਂ ਕੈਨੇਡੀਅਨ ਅਧਿਕਾਰੀਆਂ ਨੂੰ ਘਟਨਾ ਦੀ ਜਾਂਚ ਕਰਨ ਅਤੇ ਦੋਸ਼ੀਆਂ ਖਿਲਾਫ ਤੁਰੰਤ ਕਾਰਵਾਈ ਕਰਨ ਦੀ ਬੇਨਤੀ ਕੀਤੀ ਹੈ।''ਇਸ ਸਬੰਧੀ ਸਵਾਮੀਨਾਰਾਇਣ ਸੰਸਥਾ ਵੱਲੋਂ ਅਜੇ ਤੱਕ ਕੋਈ ਪ੍ਰਤੀਕਿਰਿਆ ਨਹੀਂ ਆਈ ਹੈ। ਕੈਨੇਡੀਅਨ ਸੰਸਦ ਮੈਂਬਰ ਚੰਦਰ ਆਰੀਆ ਨੇ ਸਵਾਮੀਨਾਰਾਇਣ ਮੰਦਿਰ ਨੂੰ ਲੈ ਕੇ ਆਪਣੀ ਚਿੰਤਾ ਜ਼ਾਹਰ ਕੀਤੀ ਹੈ ।ਉਸਨੇ ਟਵੀਟ ਕੀਤਾ, "ਪਿਛਲੇ ਕੁਝ ਸਾਲਾਂ ਦੌਰਾਨ, ਗ੍ਰੇਟਰ ਟੋਰਾਂਟੋ ਏਰੀਆ, ਬ੍ਰਿਟਿਸ਼ ਕੋਲੰਬੀਆ ਅਤੇ ਕੈਨੇਡਾ ਵਿੱਚ ਹੋਰ ਥਾਵਾਂ 'ਤੇ ਹਿੰਦੂ ਮੰਦਰਾਂ ਦੀ ਨਫ਼ਰਤ ਭਰੀ ਗ੍ਰੈਫਿਟੀ ਨਾਲ ਭੰਨਤੋੜ ਕੀਤੀ ਜਾ ਰਹੀ ਹੈ।"ਇੱਕ ਸਿੱਖ ਆਗੂ ਨੇ ਆਪਣਾ ਨਾਮ ਗੁਪਤ ਰੱਖਦੇ ਹੋਏ ਕਿਹਾ ਜਿਸ ਵੀ ਸ਼ਹਿਰ ਵਿੱਚ "ਰੈਫਰੈਡਮ 2020" ਦੀਆਂ ਵੋਟਾਂ ਹੁੰਦੀਆਂ ਹਨ ਉਥੇ ਹੀ ਅਜਿਹੀਆਂ ਘਟਨਾਵਾਂ ਹੁੰਦੀਆਂ ਹਨ। ਉਨਾ ਕਿਹਾ ਰੈਫਰੈਡਮ 2020 ਸਿੱਖਾਂ ਦੀ ਅਜ਼ਾਦੀ ਦੀ ਲਹਿਰ ਹੈ। ਪਰ ਇਸ ਨੂੰ ਬਦਨਾਮ ਕਰਨ ਲਈ ਅਜਿਹੀਆ ਸ਼ਰਾਰਤਾਂ ਕੀਤੀਆਂ ਜਾਂਦੀਆਂ ਹਨ। ਬਹੁਤ ਸਾਰੇ ਅਜਿਹੇ ਕੇਸਾਂ ਵਿੱਚ ਹਿੰਦੂ ਮੰਦਰਾਂ ਨਾਲ ਸਬੰਧਤ ਲੋਕ ਹੀ ਅਜਿਹੇ ਨਾਅਰੇ ਲਿਖਣ ਦੇ ਦੋਸ਼ੀ ਪਾਏ ਗਏ ਹਨ। ਉਨਾ ਕਿਹਾ ਕਿ ਅਜਿਹੀਆ ਘਟਨਾਵਾ ਦੀ ਜਾਂਚ ਹੋਣੀਂ ਚਾਹੀਦੀ ਹੈ ਕਿਉਂਕਿ ਕੈਨੇਡਾ ਵਿੱਚ ਸਿੱਖਾਂ ਨੂੰ ਬਦਨਾਮ ਕਰਨ ਦੀ ਇਹ ਕੋਝੀ ਸ਼ਾਜਿਸ਼ ਹੈ। ਇਸ ਹਫਤੇ ਅਲਬਰਟਾ ਵਿੱਚ ਰੈਫਰੈਡਮ 2020 ਦੀ ਵੋਟਿੰਗ ਹੋ ਰਹੀ ਹੈ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



CANRISE IMMIGRATION
www.canriseimmigration.com

778-565-1717

CANRISE IMMIGRATION

SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਓ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE

Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)



UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC


We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# 1984 ਕਾਨਪੁਰ ਸਿੱਖ ਨਸਲਕੁਸ਼ੀ ਮਾਮਲਾ:ਸੁਪਰੀਮ ਕੋਰਟ ਵੱਲੋਂ ਉੱਤਰ ਪ੍ਰਦੇਸ਼ ਸਰਕਾਰ ਨੂੰ ਦਿੱਤੇ ਨਿਰਦੇਸ਼ਾਂ ਦਾ ਸ਼੍ਰੋਮਣੀ ਕਮੇਟੀ ਵੱਲੋਂ ਸਵਾਗਤ

ਅੰਮ੍ਰਿਤਸਰ- 1984 ਕਾਨਪੁਰ ਸਿੱਖ ਨਸਲਕੁਸ਼ੀ ਮਾਮਲੇ ਵਿਚ ਮਾਨਯੋਗ ਸੁਪਰੀਮ ਕੋਰਟ ਵੱਲੋਂ ਉੱਤਰ ਪ੍ਰਦੇਸ਼ ਸਰਕਾਰ ਨੂੰ ਮੁਕੱਦਮਿਆਂ ਨੂੰ ਜਲਦ ਤੇ ਸੁਚਾਰੂ ਢੰਗ ਨਾਲ ਚਲਾਉਣ ਦੇ ਨਿਰਦੇਸ਼ਾਂ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਵਾਗਤ ਕੀਤਾ ਹੈ। ਜ਼ਿਕਰਯੋਗ ਹੈ ਕਿ ਕਾਨਪੁਰ ਸਿੱਖ ਕਤਲੇਆਮ ਦੇ ਮਾਮਲੇ ਸਬੰਧੀ ਜਨਹਿੱਤ ਪਟੀਸ਼ਨ ਜਥੇਦਾਰ ਕੁਲਦੀਪ ਸਿੰਘ ਭੋਗਲ ਵੱਲੋਂ 2017 ਵਿਚ ਦਾਖ਼ਲ ਕੀਤੀ ਗਈ ਸੀ, ਜਿਸ ਦੀ ਗੰਭੀਰਤਾ ਨੂੰ ਦੇਖਦਿਆਂ ਸ਼੍ਰੋਮਣੀ ਕਮੇਟੀ ਇਸ ਵਿਚ ਕਾਨੂੰਨੀ ਸਹਿਯੋਗ ਕਰ ਰਹੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਨ੍ਹਾਂ ਕੇਸਾਂ ਦੀ ਪੈਰਵਾਈ ਲਈ ਸੀਨੀਅਰ ਵਕੀਲ ਸ਼੍ਰੀ ਪਰਸੂਨ ਕੁਮਾਰ ਅਤੇ ਸ. ਗੁਰਬਖ਼ਸ ਸਿੰਘ ਦੀਆਂ ਸੇਵਾਵਾਂ ਮੁਹੱਈਆ ਕਰਵਾਈਆਂ ਗਈਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ 1984 ਵਿਚ ਕਾਨਪੁਰ ਵਿਖੇ ਸਿੱਖਾਂ ਦੇ ਹੋਏ ਕਤਲੇਆਮ ਦੇ ਮਾਮਲੇ ਵਿਚ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਸਿੱਖ ਸੰਸਥਾ ਨਿਰੰਤਰ ਜਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਮਾਨਯੋਗ ਅਦਾਲਤ ਨੇ ਉੱਤਰ ਪ੍ਰਦੇਸ਼ ਸਰਕਾਰ ਨੂੰ ਜਿਨ੍ਹਾਂ 11 ਮਾਮਲਿਆਂ 'ਚ ਚਾਰਜਸ਼ੀਟ ਦਾਖ਼ਲ ਹੋਈ ਹੈ, ਉਨ੍ਹਾਂ ਵਿਚ 2 ਵਿਸ਼ੇਸ਼ ਸਰਕਾਰੀ ਵਕੀਲ ਨਿਯੁਕਤ ਕਰਨ ਦੇ ਆਦੇਸ਼ ਦਿੱਤੇ ਹਨ। ਇਸ ਦੇ ਨਾਲ ਹੀ ਇਨ੍ਹਾਂ ਨੂੰ ਸਹਿਯੋਗ ਕਰਨ ਲਈ ਮੁੱਖ ਜਾਂਚ ਅਧਿਕਾਰੀ ਨੂੰ ਵੀ ਕਿਹਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਇਲਾਹਾਬਾਦ ਹਾਈ ਕੋਰਟ 'ਚ 4 ਮਾਮਲਿਆਂ ਸਬੰਧੀ ਚੱਲ ਰਹੀਆਂ ਅਪੀਲਾਂ ਸਬੰਧੀ ਉੱਚ ਅਦਾਲਤ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਇਨ੍ਹਾਂ ਮੁਕੱਦਮਿਆਂ ਦੀ ਤਰਜੀਹੀ ਤੌਰ 'ਤੇ ਸੁਣਵਾਈ ਕਰੇ।

# ਟਰੰਪ ਦੀ ਵਾਪਸੀ ਤੋਂ ਪਹਿਲਾਂ ਹੀ ਜ਼ੇਲੇਂਸਕੀ ਵੱਲੋਂ ਰੂਸ ਨਾਲ ਸ਼ਾਂਤੀ ਵਾਰਤਾ ਦੇ ਸੰਕੇਤ



ਕੀਵ,- ਰੂਸ ਅਤੇ ਯੂਕ੍ਰੇਨ ਵਿਚਾਲੇ ਜਾਰੀ ਜੰਗ ਦੌਰਾਨ ਪਹਿਲੀ ਵਾਰ ਯੂਕ੍ਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੈਲੇਂਸਕੀ ਨੇ ਹੁਣ ਰੂਸ ਨਾਲ ਗੱਲਬਾਤ ਕਰਨ ਦੀ ਇੱਛਾ ਜ਼ਾਹਰ ਕੀਤੀ ਹੈ। ਉਨ੍ਹਾਂ ਨੇ ਰਾਸ਼ਟਰ ਨੂੰ ਸੰਬੋਧਿਤ ਕਰਦੇ ਹੋਏ ਅਸਾਧਾਰਨ ਤੌਰ 'ਤੇ ਨਰਮ ਲਹਿਜ਼ੇ 'ਚ ਇਹ ਇੱਛਾ ਪ੍ਰਗਟਾਈ। ਜ਼ੇਲੇਂਸਕੀ ਨੇ ਸੁਝਾਅ ਦਿੱਤਾ ਕਿ ਰੂਸ ਨੂੰ ਅਗਲੇ ਸ਼ਾਂਤੀ ਸੰਮੇਲਨ ਲਈ ਇੱਕ ਵਫ਼ਦ ਭੇਜਣਾ ਚਾਹੀਦਾ ਹੈ। ਜ਼ੈਲੇਂਸਕੀ ਨੇ ਕਿਹਾ ਕਿ ਅਗਲਾ ਸ਼ਾਂਤੀ ਸੰਮੇਲਨ ਨਵੰਬਰ 'ਚ ਹੋ ਸਕਦਾ ਹੈ। ਜ਼ਿਕਰਯੋਗ ਹੈ ਕਿ ਨਵੰਬਰ ਮਹੀਨੇ 'ਚ ਹੀ ਅਮਰੀਕਾ 'ਚ ਰਾਸ਼ਟਰਪਤੀ ਚੋਣਾਂ ਹੋਣ ਜਾ ਰਹੀਆਂ ਹਨ। ਜ਼ੈਲੇਂਸਕੀ ਦੇ ਰਵੱਈਏ ਵਿਚ ਇਹ ਤਬਦੀਲੀ ਕਿੰਨੀ ਮਹੱਤਵਪੂਰਨ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜੂਨ ਵਿਚ ਸਵਿਟਜ਼ਰਲੈਂਡ ਵਿਚ ਹੋਈ ਸ਼ਾਂਤੀ ਸੰਮੇਲਨ ਵਿਚ ਰੂਸ ਨੂੰ ਸੱਦਾ ਨਹੀਂ ਦਿੱਤਾ ਗਿਆ ਸੀ, ਜਿਸ ਵਿਚ ਭਾਰਤ ਸਮੇਤ ਦੁਨੀਆਂ ਭਰ ਦੇ 100 ਦੇਸ਼ਾਂ ਨੇ ਹਿੱਸਾ ਲਿਆ ਸੀ। ਸੱਦਾ ਦਿੱਤੇ ਜਾਣ ਤੋਂ ਬਾਅਦ ਵੀ ਚੀਨ ਨੇ ਇਸ ਕਾਨਫਰੰਸ ਵਿਚ ਸ਼ਿਰਕਤ ਨਹੀਂ ਕੀਤੀ। ਹੁਣ ਤੱਕ ਜ਼ੇਲੇਂਸਕੀ ਇਹ ਕਹਿੰਦੇ ਰਹੇ ਹਨ ਕਿ ਕੋਈ ਵੀ ਗੱਲਬਾਤ ਰੂਸੀ ਫੌਜ ਦੀ ਯੂਕਰੇਨ ਤੋਂ ਵਾਪਸੀ ਦੇ ਬਾਅਦ ਹੀ ਹੋ ਸਕਦੀ ਹੈ। ਜ਼ੈਲੇਂਸਕੀ ਨੇ ਕਿਹਾ ਕਿ ਸਭ ਕੁਝ ਸਾਡੇ 'ਤੇ ਨਿਰਭਰ ਨਹੀਂ ਕਰਦਾ। ਜੰਗ ਦਾ ਅੰਤ ਸਿਰਫ਼ ਸਾਡੇ 'ਤੇ ਨਿਰਭਰ ਨਹੀਂ ਕਰਦਾ। ਇਹ ਨਾ ਸਿਰਫ਼ ਸਾਡੇ ਲੋਕਾਂ ਅਤੇ ਸਾਡੀ ਇੱਛਾ 'ਤੇ ਨਿਰਭਰ ਕਰਦਾ ਹੈ, ਸਗੋਂ ਆਰਥਿਕ ਸਥਿਤੀ, ਹਥਿਆਰਾਂ ਦੀ ਸਪਲਾਈ ਅਤੇ ਯੂਰਪੀਅਨ ਯੂਨੀਅਨ, ਨਾਟੋ ਅਤੇ ਦੁਨੀਆਂ ਦੇ ਹੋਰ ਦੇਸ਼ਾਂ ਤੋਂ ਰਾਜਨੀਤਿਕ ਸਮਰਥਨ 'ਤੇ ਵੀ ਨਿਰਭਰ ਕਰਦਾ ਹੈ।

# ਮੈਂ ਲੋਕਤੰਤਰ ਵਾਸਤੇ ਗੋਲੀ ਖਾਧੀ:ਟਰੰਪ

ਵਾਸ਼ਿੰਗਟਨ:-ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਪੈਨਸਿਲਵੇਨੀਆ ਵਿੱਚ ਇਕ ਪ੍ਰੋਗਰਾਮ ਦੌਰਾਨ ਹੋਏ ਕਾਤਲਾਨਾ ਹਮਲੇ ਵਿੱਚ ਵਾਲ-ਵਾਲ ਬਚਣ ਤੋਂ ਬਾਅਦ ਆਪਣੀ ਪਹਿਲੀ ਚੋਣ ਪ੍ਰਚਾਰ ਰੈਲੀ 'ਚ ਆਲੋਚਕਾਂ ਦੀਆਂ ਚਿੰਤਾਵਾਂ ਨੂੰ ਖਾਰਜ ਕੀਤਾ ਕਿ ਉਹ ਲੋਕਤੰਤਰ ਲਈ ਖ਼ਤਰਾ ਹਨ ਅਤੇ ਕਿਹਾ ਕਿ ਉਨ੍ਹਾਂ ਨੇ 'ਲੋਕਤੰਤਰ ਲਈ ਗੋਲੀ ਖਾਧੀ' ਹੈ। ਮਿਸ਼ੀਗਨ ਵਿੱਚ ਸ਼ਨਿਚਰਵਾਰ ਨੂੰ ਹੋਈ ਰੈਲੀ 'ਚ ਰਾਸ਼ਟਰਪਤੀ ਚੋਣਾਂ ਲਈ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਟਰੰਪ ਦੇ ਨਾਲ ਉਪ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਜੇਡੀ ਵਾਂਸ ਵੀ ਮੌਜੂਦ ਸਨ। ਗਰੈਂਡ ਰੈਪਿਡਸ ਦੇ ਵੈਨ ਐਂਡੇਲ ਐਰੀਨਾ ਵਿੱਚ ਟਰੰਪ ਅਤੇ ਵਾਂਸ ਨੂੰ ਦੇਖਣ ਲਈ 12,000 ਤੋਂ ਵੱਧ ਲੋਕ ਇਕੱਤਰ ਹੋਏ। ਟਰੰਪ (78) ਨੇ ਡੈਮੋਕਰੈਟਿਕ ਪਾਰਟੀ ਦੇ ਆਗੂਆਂ ਦਾ ਜ਼ਿਕਰ ਕਰਦੇ ਹੋਏ ਕਿਹਾ, ''ਉਹ ਕਹਿੰਦੇ ਰਹਿੰਦੇ ਹਨ ਕਿ ਉਹ (ਟਰੰਪ) ਲੋਕਤੰਤਰ ਲਈ ਖ਼ਤਰਾ ਹਨ। ਮੈਂ ਕਹਿੰਦਾ ਹਾਂ, 'ਮੈਂ ਲੋਕਤੰਤਰ ਖ਼ਿਲਾਫ਼ ਕੀ ਕੀਤਾ? ਇਹ ਪਾਗਲਪਨ ਹੈ।''


ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ








ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL

Lucky: 604-614-5365

Unit 15 - 8388 128 St., Surrey



ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

ਇਸ ਹਫਤੇ ਦੇ ਪ੍ਰੋਗਰਾਮ

*22-23-24 ਜੁਲਾਈ ਨੂੰ ਬਾਬਾ ਗੁਰਪਾਲ ਸਿੰਘ ਜੀ (ਰਤਵਾੜਾ ਸਾਹਿਬ) ਵੱਲੋਂ ਦੀਵਾਨ ਸਜਾਏ ਗਏ।

*26-27-28 ਜੁਲਾਈ ਨੂੰ ਧੰਨ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਅਵਤਾਰ ਦਿਹਾੜੇ ਦੀ ਖੁਸ਼ੀ ਵਿਚ ਅਖੰਡਪਾਠ ਸਾਹਿਬ ਹੋਣਗੇ ਜਿਸਦੀ ਸੇਵਾ ਦੀਪ ਟਾਇਰ ਕੰਪਨੀ ਦੇ ਪਰਿਵਾਰ ਵੱਲੋਂ ਕੀਤੀ ਜਾਵੇਗੀ।

*27 ਜੁਲਾਈ ਦਿਨ ਸ਼ਨਿਚਰਵਾਰ ਬੀਬਾ ਅਰਸ਼ਦੀਪ ਕੌਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਅਤੇ ਲੰਗਰਾਂ ਦੀ ਸੇਵਾ ਸ਼ਾਮ 4 ਤੋਂ 6 ਵਜੇ ਤੱਕ ਹੋਵੇਗੀ।

*28 ਜੁਲਾਈ ਦਿਨ ਐਤਵਾਰ ਸਵੇਰੇ 10 ਵਜੇ ਅਖੰਡਪਾਠ ਸਾਹਿਬ ਦੇ ਭੋਗ ਉਪਰੰਤ ਦੁਪਹਿਰ 12.30 ਵਜੇ ਤੱਕ ਹਫਤਾਵਾਰੀ ਦੀਵਾਨ ਸਜਣਗੇ। ਉਪਰੰਤ 1 ਵਜੇ ਤੋਂ 4 ਵਜੇ ਤੱਕ ਚੌਪਹਿਰਾ ਸਾਹਿਬ ਹੋਣਗੇ।

*29 ਜੁਲਾਈ ਦਿਨ ਸੋਮਵਾਰ ਸ. ਕੁਲਦੀਪ ਸਿੰਘ ਸਿੱਧੂ ਪਰਿਵਾਰ ਵੱਲੋਂ ਬੇਟੀ ਦੇ ਜਨਮ ਦਿਨ ਦੀ ਖੁਸ਼ੀ ਵਿਚ ਸ਼ਾਮ 4-6 ਵਜੇ ਤੱਕ ਸਹਿਜਪਾਠ ਦੇ ਭੋਗ, ਕਥਾ, ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ।

ਵਿਸ਼ੇਸ਼ ਨੋਟ:31 ਜੁਲਾਈ ਅਤੇ 1 ਅਗਸਤ (ਸ਼ਾਮ 7 ਤੋਂ 8.15 ਵਜੇ ਤੱਕ) ਸੰਤ ਬਾਬਾ ਲਖਵੀਰ ਸਿੰਘ ਜੀ ਰਤਵਾੜੇ ਵਾਲੇ ਦੀਵਾਨ ਸਜਾਉਣਗੇ।

*3 ਅਗਸਤ ਦਿਨ ਸ਼ਨਿਚਰਵਾਰ ਦੁਪਹਿਰ 11-12 ਵਜੇ ਤੱਕ ਸੰਤ ਬਾਬਾ ਕਸ਼ਮੀਰਾ ਸਿੰਘ ਅਲਹੌਰਾਂ ਸਾਹਿਬ ਵਾਲੇ) ਦੀਵਾਨ ਸਜਾਉਣਗੇ ਅਤੇ ਭਾਈ ਜਸਵੀਰ ਸਿੰਘ ਜੀ ਵੱਲੋਂ ਸੁਖਮਨੀ ਸਾਹਿਬ ਦੇ ਜਾਪ ਅਤੇ ਲੰਗਰਾਂ ਦੀ ਸੇਵਾ ਹੋਵੇਗੀ।



ਗਿ. ਰਾਜਪਾਲ ਸਿੰਘ ਜੀ (ਬੋਪਾਰਾਏ) ਵਿਦਿਆਰਥੀ ਦਮਦਮੀ ਟਕਸਾਲ ਵੱਲੋਂ ਕਥਾ ਦੀਆਂ ਸੇਵਾਵਾਂ ਨਿਭਾਈਆਂ ਗਈਆਂ ਅਤੇ ਗੁਰੂਘਰ ਵੱਲੋਂ ਸਨਮਾਨਿਤ ਕੀਤਾ ਗਿਆ।






ਬੀਤੇ ਦਿਨੀਂ ਸੰਤ ਬਾਬਾ ਕਸ਼ਮੀਰਾ ਸਿੰਘ ਜੀ ਅਲਹੌਰਾਂ ਵਾਲਿਆਂ ਨੇ ਦੀਵਾਨ ਸਜਾਏ

ਚੌਪਹਿਰਾ ਸਾਹਿਬ ਹਰ ਐਤਵਾਰ ਦੁਪਹਿਰ 1 ਤੋਂ 4 ਵਜੇ ਤੱਕ ਹੋਣਗੇ।

ਰਾਗੀ ਜੱਥੇ
ਬਾਬਾ ਭਗਵੰਤ ਸਿੰਘ ਰਾੜਾ ਸਾਹਿਬ ਸੰਪਰਦਾ ਵਾਲੇ
ਭਾਈ ਨਿਰਮਲਜੀਤ ਸਿੰਘ ਖਾਲਸਾ
ਫਿਰੋਜਪੁਰ ਵਾਲੇ

ਕਥਾਵਾਚਕ
ਬਾਬਾ ਜਗਜੀਤ ਸਿੰਘ ਜੀ (ਖਾਰੇ ਵਾਲੇ)
ਭਾਈ ਮਾਲਕ ਸਿੰਘ (ਕਰਨਾਲ ਵਾਲੇ)

ਤਬਲਾ ਸਿੱਖਣ ਲਈ ਸੰਪਰਕ ਕਰੋ:
604-413-7171

ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007

ਰੋਜਾਨਾ ਦੇ ਪ੍ਰੋਗਰਾਮ

ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਅਗਿਆਤ ਅਨਸਰਾਂ ਵੱਲੋਂ ਫ਼ਿਰੌਤੀਆਂ ਮੰਗਣ ਅਤੇ ਧਮਕੀਆਂ ਦੇਣ ਦਾ ਮੁੱਦਾ ਟਰਾਂਸਪੋਟਰਾਂ, ਕਾਰੋਬਾਰੀਆਂ, ਸਿਆਸਤਦਾਨਾਂ ਅਤੇ ਹੋਰਨਾਂ ਪਤਵੰਤਿਆਂ ਦੀ ਵਿਸ਼ਾਲ ਇਕੱਤਰਤਾ

ਵੈਨਕੂਵਰ (ਮਲਕੀਤ ਸਿੰਘ)-ਕੁਝ ਆਗਿਆਤ ਅਨਸਰਾਂ ਵੱਲੋਂ ਉੱਘੇ ਕਾਰੋਬਾਰੀਆਂ ਅਤੇ ਕੁਝ ਟਰਾਂਸਪੋਟਰਾਂ ਨੂੰ ਫ਼ੋਨ ਕਾਲਾਂ ਕਰਕੇ ਧਮਕੀਆਂ ਦੇਣ ਵਾਲੇ ਅਤੇ ਫ਼ਿਰੌਤੀਆਂ ਮੰਗਣ ਵਾਲਿਆਂ ਤੋਂ ਪ੍ਰੇਸ਼ਾਨ 'ਬੀ. ਸੀ. ਟਰੈਕਿੰਗ ਐਸੋਸੀਏਸ਼ਨ' ਦੇ ਸਹਿਯੋਗ ਨਾਲ ਸਰੀ ਸਥਿਤ ਆਰੀਆ ਬੈਂਕੁਇੰਟ ਹਾਲ 'ਚ ਰੱਖੀ ਗਈ ਆਮ ਲੋਕਾਂ ਦੀ ਇਕੱਤਰਤਾ 'ਚ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਸਮੇਤ ਕਈ ਹੋਰ ਪਤਵੰਤਿਆਂ ਨੇ ਸ਼ਿਰਕਤ ਕਰਕੇ ਇਸ ਪ੍ਰੇਸ਼ਾਨੀ ਸਬੰਧੀ ਸਮੂਹਿਕ ਤੌਰ 'ਤੇ ਅਵਾਜ਼ ਬੁਲੰਦ ਕਰਦਿਆਂ ਇਸ ਦਾ ਜਲਦੀ ਹੱਲ ਕੀਤੇ ਜਾਣ ਦੀ ਮੰਗ ਕੀਤੀ। ਇਸ ਮੌਕੇ 'ਤੇ ਇਸ ਗੰਭੀਰ ਸਮੱਸਿਆ 'ਤੇ ਵਿਚਾਰ ਪੇਸ਼ ਕਰਨ ਵਾਲਿਆਂ 'ਚ ਮੇਅਰ ਬਰੈਂਡਾ ਲੋਕ, ਮਾਈਕ ਡੀ. ਜੌਂਗ, ਮੰਤਰੀ ਜਸਰੂਪ ਬਰਾੜ, ਗੁਰਮਿੰਦਰ ਪਰਿਹਾਰ, ਕਰਤਾਰ ਸਿੰਘ, ਅਮਿਤ ਕੁਮਾਰ, ਜੱਗ ਨਾਹਲ, ਜਸਜੀਤ ਪਾਲ ਸਿੰਘ ਸੰਧੂ, ਕੋਰੀ ਲਿਨ, ਗੈਰੀ ਬੈੱਗ, ਜੱਸੀ ਸਹੋਤਾ, ਐੱਮ. ਐੱਲ. ਏ. ਸਟਰੈਕੋ, ਸਤੀਸ਼ ਕੁਮਾਰ, ਪ੍ਰਮਿੰਦਰ ਸੰਘੇੜਾ ਆਦਿ ਦੇ ਨਾਮ ਪ੍ਰਮੁੱਖ ਤੌਰ 'ਤੇ ਜ਼ਿਕਰਯੋਗ ਹਨ। ਇਸ ਮੌਕੇ 'ਤੇ ਐਡਮਿੰਡਨ ਤੋਂ ਪੰਜਾਬੀ ਸਾਂਸਦ ਟਿੰਮ ਉੱਪੀਲ ਨੇ ਆਪਣੇ ਵਿਚਾਰ ਪ੍ਰਗਟਾਉਂਦਿਆਂ ਕਿਹਾ ਕਿ ਸਰਕਾਰ ਵੱਲੋਂ ਅਜਿਹੇ ਅਪਰਾਧੀ ਅਨਸਰਾਂ ਦੀਆਂ ਅਜਿਹੀਆਂ ਕਾਰਵਾਈਆਂ ਨੂੰ ਠੱਲ੍ਹ ਪਾਉਣ ਲਈ ਕੋਈ ਸਖ਼ਤ ਕਾਨੂੰਨ ਬਣਾਉਣਾ ਚਾਹੀਦਾ ਹੈ। ਇਸ ਇਕੱਤਰਤਾ 'ਚ ਪੁੱਜੇ ਸੱਤਾਧਾਰੀ ਫ਼ੈਡਰਲ ਪਾਰਟੀ ਦੇ ਸਾਂਸਦ ਸੁੱਖ ਧਾਲੀਵਾਲ ਅਤੇ ਰਣਦੀਪ ਸਰਾਏ ਨੇ ਕਿਹਾ ਕਿ ਫ਼ਿਰੌਤੀਆਂ ਮੰਗਣ ਅਤੇ ਧਮਕੀਆਂ ਦੇਣ ਦੇ ਮਾਮਲੇ 'ਤੇ ਉਨ੍ਹਾਂ ਦੀ ਸਰਕਾਰ ਪੂਰੀ ਤਰ੍ਹਾਂ ਫਿਕਰਮਦ ਅਤੇ ਸੁਚੇਤ ਹੈ ਅਤੇ ਇਸੇ ਕੜੀ ਤਹਿਤ ਐਡਮਿੰਡਨ ਵਿੱਚ ਕੁਝ ਗੈਂਗਸਟਰਾਂ ਦੀਆਂ ਗ੍ਰਿਫ਼ਤਾਰੀਆਂ ਵੀ ਹੋਈਆਂ ਹਨ। ਉਨ੍ਹਾਂ ਇਹ ਵੀ ਕਿਹਾ ਕਿ ਇਸ ਗੰਭੀਰ ਮੁੱਦੇ 'ਤੇ ਪੁਲਿਸ ਪੂਰੀ ਤਰ੍ਹਾਂ ਮੁਸਤੈਦ ਅਤੇ ਕਾਰਜਸ਼ੀਲ ਹੈ ਅਤੇ ਭਵਿੱਖ 'ਚ ਇਸ ਦੇ ਵਧੀਆ ਸਿੱਟੇ ਨਿਕਲਣ ਦੀ ਆਸ ਹੈ।

## ਵਿਸ਼ਵ ਭਰ ਵਿੱਚ ਹੁਣ ਤੱਕ ਦਾ ਸਭ ਤੋਂ ਗਰਮ ਦਿਨ 21 ਜੁਲਾਈ ਰਿਹਾ

ਲੰਡਨ:-ਯੂਰਪੀਅਨ ਯੂਨੀਅਨ ਦੀ ਕੋਪਰਨਿਕਸ ਕਲਾਈਮੇਟ ਚੇਂਜ ਸਰਵਿਸ ਦੇ ਸ਼ੁਰੂਆਤੀ ਅੰਕੜਿਆਂ ਅਨੁਸਾਰ 21 ਜੁਲਾਈ ਵਿਸ਼ਵ ਭਰ ਵਿਚ ਸਭ ਤੋਂ ਗਰਮ ਦਿਨ ਰਿਕਾਰਡ ਕੀਤਾ ਗਿਆ। 21 ਜੁਲਾਈ ਨੂੰ ਗਲੋਬਲ ਔਸਤ ਸਤਹਿ ਹਵਾ ਦਾ ਤਾਪਮਾਨ 17.09 ਡਿਗਰੀ ਸੈਲਸੀਅਸ (62.76 ਡਿਗਰੀ ਫਾਰਨਹਾਈਟ) ਤੱਕ ਪਹੁੰਚ ਗਿਆ ਜੋ ਪਿਛਲੇ ਜੁਲਾਈ ਦੇ 17.08 ਡਿਗਰੀ ਸੈਲਸੀਅਸ (62.74 ਡਿਗਰੀ ਫਾਰਨਹਾਈਟ) ਦੇ ਪਿਛਲੇ ਰਿਕਾਰਡ ਨਾਲੋਂ ਥੋੜ੍ਹਾ ਵੱਧ ਹੈ। ਜ਼ਿਕਰਯੋਗ ਹੈ ਕਿ ਪਿਛਲੇ ਹਫ਼ਤੇ ਅਮਰੀਕਾ, ਯੂਰਪ ਅਤੇ ਰੂਸ ਦੇ ਵੱਡੇ ਹਿੱਸੇ ਵਿਚ ਗਰਮ ਹਵਾਵਾਂ ਨੇ ਲੋਕਾਂ ਲਈ ਮੁਸ਼ਕਲ ਖੜ੍ਹੀ ਕਰ ਦਿੱਤੀ ਸੀ।




ਭੁਪਿੰਦਰ ਸਿੰਘ ਗਿੱਲ:604-897-5750

SUPER SANDHU

ਸਾਨੂੰ ਕੈਨਰੀ, ਨਰਸਰੀ ਅਤੇ ਗਰੀਨ ਹਾਊਸ ਵਿਚ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।



ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711

TMG LOGISTICS INC.

Need Owner Operators

NOW HIRING

*Vancouver to California *California to Alberta Back Vancouver
*Vancouver to East USA Return

Good Paying Loads



Need Company Drivers

*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ‘ਅਗਨੀਵੀਰ ਭਰਤੀ ਘੁਟਾਲਾ’? ਘੱਟ ਅੰਕਾਂ ਵਾਲੇ ਭਰਤੀ ਕੀਤੇ, ਜ਼ਿਆਦਾ ਅੰਕਾਂ ਵਾਲੇ ਛੱਡ ਦਿੱਤੇ

ਗਵਾਲੀਅਰ:-ਸਤੰਬਰ-ਨਵੰਬਰ 2022 ਵਿੱਚ ਜਬਲਪੁਰ ਵਿੱਚ ਹੋਈ ਅਗਨੀਪਥ ਪ੍ਰੀਖਿਆ ਵਿੱਚ ਉਮੀਦਵਾਰਾਂ ਨਾਲ ਕਥਿਤ ਧਾਂਦਲੀ ਹੋਈ ਹੈ। ਹਾਲ ਹੀ ਵਿੱਚ, ਮੱਧ ਪ੍ਰਦੇਸ਼ ਹਾਈ ਕੋਰਟ ਨੇ ਫੌਜ ਨੂੰ ਇਸ ਭਰਤੀ ਦੌਰਾਨ ਚੁਣੇ ਗਏ ਸਾਰੇ ਉਮੀਦਵਾਰਾਂ ਦੁਆਰਾ ਪ੍ਰਾਪਤ ਕੀਤੇ ਅੰਕਾਂ ਦਾ ਖੁਲਾਸਾ ਕਰਨ ਦੇ ਨਿਰਦੇਸ਼ ਦਿੱਤੇ ਹਨ।ਦੇਸ਼ ਭਰ ਵਿੱਚ ਸਰਕਾਰੀ ਭਰਤੀ ਵਿੱਚ ਹੋ ਰਹੇ ਘੁਟਾਲਿਆਂ ਦੇ ਵਿਚਕਾਰ ਮੱਧ ਪ੍ਰਦੇਸ਼ ਵਿੱਚ ਫੌਜ ਦੀ ਅਗਨੀਪਥ ਯੋਜਨਾ ਨੂੰ ਲੈ ਕੇ ਇੱਕ ਨਵਾਂ ਵਿਵਾਦ ਸਾਹਮਣੇ ਆਇਆ ਹੈ। ਕੁਝ ਉਮੀਦਵਾਰਾਂ ਨੇ ਅਗਨੀਵੀਰ ‘ਤੇ ਭਰਤੀ ਪ੍ਰੀਖਿਆ ‘ਚ ‘ਘਪਲੇ’ ਦਾ ਦੋਸ਼ ਲਗਾਉਂਦੇ ਹੋਏ ਕਿਹਾ ਹੈ ਕਿ ਸਤੰਬਰ-ਨਵੰਬਰ 2022 ‘ਚ ਜਬਲਪੁਰ ‘ਚ ਹੋਈ ਅਗਨੀਪਥ ਪ੍ਰੀਖਿਆ ‘ਚ ਉਸ ਨੇ ‘ਚੁਣੇ ਉਮੀਦਵਾਰਾਂ ਦੀ ਸੂਚੀ’ ‘ਚ ਸ਼ਾਮਲ ਹੋਣ ਵਾਲੇ ਉਮੀਦਵਾਰ ਤੋਂ ਜ਼ਿਆਦਾ ਅੰਕ ਹਾਸਲ ਕੀਤੇ ਸਨ ਉਸਨੂੰ ਚੁਣਿਆ ਨਹੀਂ ਗਿਆ ਸੀ।ਚਰਚਾ ਹੈ ਕਿ ਇਨਾ ਅਗਨੀ ਵੀਰਾ ਵਿੱਚ ਹਿੰਦੂਤਵੀ ਸੋਚ ਨੂੰ ਸਮਰਪਿਤ ਨੌਜਵਾਨ ਹੀ ਭਰਤੀ ਕੀਤੇ ਜਾ ਰਹੇ ਹਨ।ਘੱਟ ਗਿਣਤੀਆ ਨਾਲ ਸਬੰਧਤ ਨੌ ਜਵਾਨਾ ਨੂੰ ਰੀਜੈਕਟ ਕੀਤਾ ਜਾ ਰਿਹਾ ਹੈ।


**T&S Transportation**

**Hiring Owner Operators & Drivers**



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

**604-607-0333**



ਮਨ ਮਨੁੱਖ ਦੀ ਕੁੰਜੀ ਹੈ — Mind is the key to the man.

**NATURAL HOMEOPATHIC SOLUTIONS**

Homeopathic Natural Products And Consultations

- Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

- Children & Ladies Problems and much more



"Homeopath R S Saini receiving International Award"

Director, West coast Homeopathic Society of Canada

We Have Effective New Medicines Based On Latest Research For The Cure Of:
- Allergy Conditions
- Colitis
- De-addiction
- Migraine
- Sexual Problems
- Arthritis
- Stress Anxiety
- All Auto-Immune Diseases

Dr.R S Saini & Dr. Shveta Has The Latest Knowledge For The Cure Of These Diseases.

ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿਚੋਂ

**For Abbotsford**
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

**For Surrey**
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com



# PACIFIC NURSERIES

## ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਵਿਕਾਊ



*Blueberry (Duke) Plants FOR SALE
*Certified Imported from USA
*Potted in One Gallon Pots
*High Quality & Healty Plants
*Limited Quantity
*Will Be Ready to Plant in September

*Cedar Hedging Plants FOR SALE
*Potted in One Gallon
*Very Healty & High Quality
*Will be Ready to Plant in September

ONLY FOR WHOLESALERS

TO BOOK YOUR ORDER CONTACT:

**778-552-0305**

## (ਮੁੱਖ ਪੰਨੇ ਦੀ ਬਾਕੀ)

ਕੰਮ ਕਰਨ ਵਾਲੇ ਇਕਲੌਤੇ ਮੁਸਲਿਮ ਮੁਲਾਜ਼ਮ ਸ਼ਾਹਰੁਖ ਨੂੰ ਹੁਣ ਹਟਾ ਦਿੱਤਾ ਗਿਆ ਹੈ। ਢਾਬਾ ਮੈਨੇਜਰ ਪ੍ਰਵੀਨ ਦਾ ਕਹਿਣਾ ਹੈ, "ਹੁਣ ਇੱਥੇ ਸਿਰਫ਼ ਹਿੰਦੂ ਮੁਲਾਜ਼ਮ ਹਨ। ਜਦੋਂ ਵਿਵਾਦ ਵਧਿਆ ਤਾਂ ਸ਼ਾਹਰੁਖ ਨੇ ਖ਼ੁਦ ਇਹ ਕਹਿ ਕੇ ਕੰਮ ਛੱਡ ਦਿੱਤਾ ਕਿ ਮੇਰੇ ਕਾਰਨ ਹੋਰ ਵਰਕਰਾਂ ਜਾਂ ਢਾਬਾ ਮਾਲਕਾਂ ਨੂੰ ਕੋਈ ਸਮੱਸਿਆ ਨਹੀਂ ਆਉਣੀ ਚਾਹੀਦੀ। ਪੱਛਮੀ ਉੱਤਰ ਪ੍ਰਦੇਸ਼ ਦੇ ਮੁਜ਼ੱਫਰਨਗਰ 'ਚ ਪ੍ਰਸ਼ਾਸਨ ਨੇ ਹੁਕਮ ਜਾਰੀ ਕੀਤਾ ਹੈ ਕਿ ਕਾਂਵੜ ਯਾਤਰਾ ਦੌਰਾਨ ਖਾਣ-ਪੀਣ ਦੀਆਂ ਦੁਕਾਨਾਂ (ਜਿਵੇਂ ਕਿ ਢਾਬੇ, ਰੈਸਟੋਰੈਂਟ, ਫ਼ਲ ਅਤੇ ਮਠਿਆਈ ਦੀਆਂ ਦੁਕਾਨਾਂ ਆਦਿ) ਦੇ ਮਾਲਕ ਦੁਕਾਨਾਂ 'ਤੇ ਆਪਣੇ ਅਤੇ ਉੱਤੇ ਕੰਮ ਕਰਨ ਵਾਲੇ ਮੁਲਾਜ਼ਮਾਂ ਦੇ ਨਾਂ ਬੋਰਡ ਉੱਤੇ ਲਿਖ ਕੇ ਲਾਉਣ। ਉਹ ਵੀ ਸਪੱਸ਼ਟ ਅਤੇ ਵੱਡੇ ਅੱਖਰਾਂ ਵਿੱਚ ਲਿਖਿਆ ਜਾਣਾ ਚਾਹੀਦਾ ਹੈ। ਇਲਾਕੇ ਦੇ ਦੁਕਾਨਦਾਰਾਂ ਨੂੰ ਲੱਗਦਾ ਹੈ ਕਿ ਇਹ ਹੁਕਮ ਮੁਸਲਮਾਨਾਂ ਨੂੰ 'ਅਲੱਗ-ਥਲੱਗ ਕਰਨ' ਦੀ ਕੋਸ਼ਿਸ਼ ਹੈ। ਇਸ ਹੁਕਮ ਦਾ ਇੱਕ ਹੋਰ ਪ੍ਰਭਾਵ ਇਹ ਹੈ ਕਿ ਹੁਣ ਸੜਕਾਂ ਦੇ ਕਿਨਾਰੇ ਬਣੇ ਹੋਟਲਾਂ ਅਤੇ ਢਾਬਿਆਂ ਵਿੱਚ ਕੋਈ ਵੀ ਮੁਸਲਮਾਨ ਕੰਮ ਨਹੀਂ ਕਰ ਸਕੇਗਾ। ਕਈਆਂ ਨੇ ਨੌਕਰੀ ਛੱਡ ਦਿੱਤੀ ਹੈ, ਕਈਆਂ ਨੂੰ ਹਟਾ ਦਿੱਤਾ ਗਿਆ ਹੈ, ਜਦੋਂ ਕਿ ਕੁਝ ਮਾਲਕਾਂ ਦਾ ਤਰਕ ਹੈ ਕਿ 'ਇਹ ਸਿਰਫ਼ ਸਾਉਣ ਮਹੀਨੇ ਲਈ ਅਹਿਤਿਆਤ ਵਜੋਂ ਕੀਤਾ ਗਿਆ ਹੈ। 'ਪੁਲਿਸ ਦੇ ਇਸ ਹੁਕਮ ਤੋਂ ਬਾਅਦ ਇੱਥੋਂ ਦੇ ਜ਼ਿਆਦਾਤਰ ਮੁਸਲਿਮ ਦੁਕਾਨਦਾਰਾਂ ਨੇ ਦੁਕਾਨਾਂ ਦੇ ਮਾਲਕਾਂ ਅਤੇ ਮਜ਼ਦੂਰਾਂ ਦੇ ਨਾਂ ਵੱਡੇ ਅੱਖਰਾਂ ਵਿੱਚ ਲਿਖ ਦਿੱਤੇ ਹਨ। ਦੁਕਾਨਦਾਰਾਂ ਦਾ ਕਹਿਣਾ ਹੈ ਕਿ ਪੁਲਿਸ ਨੇ ਉਨ੍ਹਾਂ ਨੂੰ ਅਜਿਹਾ ਕਰਨ ਲਈ ਮਜਬੂਰ ਕੀਤਾ ਸੀ। ਹਰਿਦੁਆਰ ਤੋਂ ਆਉਣ ਵਾਲੀ ਮੁੱਖ ਸੜਕ ਮਦੀਨਾ ਚੌਕ ਰਾਹੀਂ ਮੁਜ਼ੱਫਰਨਗਰ ਵਿੱਚ ਦਾਖਲ ਹੁੰਦੀ ਹੈ। ਹੁਣ ਇੱਥੋਂ ਦੀ ਤਕਰੀਬਨ ਹਰ ਦੁਕਾਨ ਦੇ ਬਾਹਰ ਚਿੱਟੇ ਬੋਰਡਾਂ 'ਤੇ ਵੱਡੇ ਲਾਲ ਅੱਖਰਾਂ ਵਿੱਚ ਮੁਸਲਮਾਨ ਦੁਕਾਨਦਾਰਾਂ ਦੇ ਨਾਂ ਲਿਖੇ ਹੋਏ ਹਨ।

ਦਿੱਲੀ ਤੋਂ ਹਰਿਦੁਆਰ ਨੂੰ ਜਾਣ ਵਾਲੇ ਹਾਈਵੇਅ ਅਤੇ ਸ਼ਹਿਰ ਦੇ ਹੋਰ ਇਲਾਕਿਆਂ ਅਤੇ ਰਸਤਿਆਂ ਦਾ ਵੀ ਇਹੀ ਹਾਲ ਹੈ। ਖਤੌਲੀ ਵਿੱਚ ਪਿਛਲੇ ਦਸ ਸਾਲਾਂ ਤੋਂ 'ਲਵਰਜ਼ ਟੀ ਪੁਆਇੰਟ' ਦੇ ਨਾਂ ਹੇਠ ਚੱਲ ਰਹੀ ਚਾਹ ਦੀ ਦੁਕਾਨ ਦਾ ਨਾਂ ਹੁਣ 'ਵਕੀਲ ਸਾਹਬ ਚਾਹ' ਹੋ ਗਿਆ ਹੈ। ਦੁਕਾਨ ਦੇ ਮਾਲਕ ਐਡਵੋਕੇਟ ਅਹਿਮਦ ਦਾ ਦਾਅਵਾ ਹੈ ਕਿ ਇਸ ਦੇ ਬਾਵਜੂਦ ਪੁਲਿਸ ਨੂੰ ਇਤਰਾਜ਼ ਸੀ।

ਉਹ ਕਹਿੰਦੇ ਹਨ, "ਜਦੋਂ ਮੈਂ ਪੁਲਿਸ ਦੇ ਕਹਿਣ 'ਤੇ ਆਪਣੀ ਦੁਕਾਨ ਦਾ ਨਾਮ ਬਦਲ ਕੇ ਵਕੀਲ ਸਾਹਬ ਰੱਖ ਦਿੱਤਾ ਤਾਂ ਪੁਲਿਸ ਵਾਲੇ ਮੇਰੇ ਕੋਲ ਦੁਬਾਰਾ ਆਏ ਅਤੇ ਕਿਹਾ ਕਿ ਇਹ ਨਾਮ ਇਹ ਨਹੀਂ ਦਰਸਾਉਂਦਾ ਕਿ ਤੁਸੀਂ ਮੁਸਲਮਾਨ ਹੋ।""ਉਨ੍ਹਾਂ ਨੇ ਮੈਨੂੰ ਵਕੀਲ ਅਹਿਮਦ ਦੇ ਨਾਂ ਵਾਲਾ ਇੱਕ ਹੋਰ ਵੱਡਾ ਸਾਈਨ ਬੋਰਡ ਲਗਾਉਣ ਲਈ ਮਜਬੂਰ ਕੀਤਾ। "ਵਕੀਲ ਨੂੰ ਆਪਣੀ ਦੁਕਾਨ ਦਾ ਦਸ ਸਾਲ ਪੁਰਾਣਾ ਨਾਂ ਬਦਲਣ ਦਾ ਅਫ਼ਸੋਸ ਹੈ। ਉਹ ਕਹਿੰਦੇ ਹਨ, "ਇਹ ਸਪੱਸ਼ਟ ਤੌਰ 'ਤੇ ਮੁਸਲਮਾਨਾਂ ਨੂੰ ਅਲੱਗ-ਥਲੱਗ ਕਰਨ ਅਤੇ ਧਾਰਮਿਕ ਵਿਤਕਰੇ ਨੂੰ ਵਧਾਉਣ ਦੀ ਕੋਸ਼ਿਸ਼ ਹੈ। ਪਰ ਅਸੀਂ ਕਾਰੋਬਾਰ ਕਰਨਾ ਹੈ, ਅਸੀਂ ਪ੍ਰਸ਼ਾਸਨ ਦੇ ਸਾਹਮਣੇ ਕੀ ਕਰ ਸਕਦੇ ਹਾਂ। ਮੁਜ਼ੱਫਰਨਗਰ ਦੇ ਭੰਗੋਲਾ ਪਿੰਡ 'ਚ ਹਾਈਵੇਅ 'ਤੇ ਚਾਹ ਦਾ ਸਟਾਲ ਚਲਾਉਣ ਵਾਲੇ ਆਸਿਫ਼ ਦਾ ਦਾਅਵਾ ਹੈ ਕਿ ਜਦੋਂ ਉਸ ਨੇ ਸਾਈਨ ਬੋਰਡ ਨਾ ਲਾਇਆ ਤਾਂ ਪੁਲਿਸ ਉਸ ਨੂੰ ਜ਼ਬਰਦਸਤੀ ਥਾਣੇ ਲੈ ਗਈ ਅਤੇ ਜੇਲ੍ਹ ਭੇਜਣ ਦੀ ਧਮਕੀ ਦਿੱਤੀ। ਆਸਿਫ਼ ਕਹਿੰਦੇ ਹਨ, "ਸਥਾਨਕ ਸੰਸਦ ਮੈਂਬਰ ਹਰਿੰਦਰ ਮਲਿਕ ਦੇ ਦਖ਼ਲ ਤੋਂ ਬਾਅਦ ਮੈਨੂੰ ਥਾਣੇ ਤੋਂ ਛੁਡਵਾਇਆ ਗਿਆ। ਪਰ ਜਾਣ ਤੋਂ ਪਹਿਲਾਂ, ਪੁਲਿਸ ਨੇ ਮੇਰੀ ਦੁਕਾਨ 'ਤੇ ਮੇਰੇ ਨਾਮ ਦਾ ਇੱਕ ਵੱਡਾ ਬੈਨਰ ਵੀ ਲਗਵਾ ਦਿੱਤਾ। ਕਈ ਹੋਰ ਢਾਬਿਆਂ ਦੇ ਮਾਲਕਾਂ ਦਾ ਦਾਅਵਾ ਹੈ ਕਿ ਪੁਲਿਸ ਦੀਆਂ ਟੀਮਾਂ ਉਨ੍ਹਾਂ ਦੇ ਢਾਬਿਆਂ 'ਤੇ ਆਈਆਂ ਸਨ ਅਤੇ ਉਨ੍ਹਾਂ ਨੂੰ ਮੁਸਲਿਮ ਮੁਲਾਜ਼ਮਾਂ ਨੂੰ ਹਟਾਉਣ ਲਈ ਕਿਹਾ ਸੀ। ਇਸ ਢਾਬੇ ਦੇ ਨੇੜੇ ਸਥਿਤ ਇੱਕ ਹੋਰ ਢਾਬੇ ਦੇ ਹਿੰਦੂ ਮਾਲਕ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ, "ਕੁਝ ਦਿਨ ਪਹਿਲਾਂ ਪੁਲਿਸ ਨੇ ਆ ਕੇ ਪੁੱਛਿਆ ਕਿ ਕੋਈ ਮੁਸਲਮਾਨ ਕੰਮ ਕਰ ਰਿਹਾ ਹੈ। ਮੈਂ ਕਿਹਾ ਕਿ ਮੇਰੇ ਕੋਲ ਕੋਈ ਨਹੀਂ ਹੈ, ਇਸ ਲਈ ਪੁਲਿਸ ਕਿਸੇ ਮੁਸਲਮਾਨ ਨੂੰ ਨੌਕਰੀ 'ਤੇ ਨਾ ਰੱਖਣ ਦੀ ਹਦਾਇਤ ਦੇ ਕੇ ਚਲੀ ਗਈ। ਇਸ ਢਾਬੇ ਦਾ ਪਹਿਲਾ ਸੰਚਾਲਕ ਮੁਸਲਮਾਨ ਸੀ। ਪਰ ਪਿਛਲੇ ਸਾਲ ਹੋਏ ਵਿਵਾਦ ਤੋਂ ਬਾਅਦ ਉਸ ਨੇ ਆਪਣਾ ਢਾਬਾ ਬੰਦ ਕਰ ਦਿੱਤਾ ਸੀ। ਹੁਣ ਇੱਕ ਹਿੰਦੂ ਮਾਲਕ ਇਸਨੂੰ ਚਲਾ ਰਿਹਾ ਹੈ। ਹੁਣ ਨਵਾਂ ਹਿੰਦੂ ਮਾਲਕ ਕਹਿੰਦਾ ਹੈ, ''ਜੋ ਮੁਸਲਮਾਨ ਹਨ, ਉਨ੍ਹਾਂ ਦੇ ਕੰਮ ਵਿਚ ਫ਼ਰਕ ਆ ਗਿਆ ਹੈ। ਜਿਹੜੇ ਸਾਡੇ ਵਰਗੇ ਹਿੰਦੂ ਮਾਲਕ ਹਨ, ਉਨ੍ਹਾਂ ਦਾ ਕੰਮ ਚੱਲ ਰਿਹਾ ਹੈ।" ਇੱਕ ਮਾਲਕ ਜਿਸ ਨੇ ਮੈਨੇਜਰ ਸਣੇ ਚਾਰ ਮੁਸਲਿਮ ਮੁਲਾਜ਼ਮਾਂ ਨੂੰ ਆਪਣੇ ਢਾਬੇ ਦੀ ਨੌਕਰੀ ਤੋਂ ਕੱਢਿਆ ਸੀ, ਕਹਿੰਦੇ ਹਨ, "ਤੁਸੀਂ ਸਾਡੀ ਸਥਿਤੀ ਨੂੰ ਸਮਝਦੇ ਹੋ। ਅਸੀਂ ਕੋਈ ਵਿਵਾਦ ਨਹੀਂ ਚਾਹੁੰਦੇ।"ਇਸ ਦੇ ਨਾਲ ਹੀ ਸ਼ਹਿਰ ਦੇ ਖਤੌਲੀ ਇਲਾਕੇ, ਜਿੱਥੇ ਕਈ ਦੁਕਾਨਦਾਰਾਂ ਨੇ ਇਲਜ਼ਾਮ ਲਾਇਆ ਕਿ ਉਨ੍ਹਾਂ ਨੂੰ ਜ਼ਬਰਦਸਤੀ ਮੁਸਲਿਮ ਮੁਲਾਜ਼ਮਾਂ ਨੂੰ ਆਪਣੀਆਂ ਦੁਕਾਨਾਂ ਤੋਂ ਹਟਾਉਣ ਲਈ ਕਿਹਾ ਗਿਆ ਹੈ। ਹਿੰਦੂ ਆਗੂ ਸਵਾਮੀ ਯਸ਼ਵੀਰ ਦੇ ਮੁਸਲਮਾਨਾ ਦੇ ਕਾਰੋਬਾਰਾਂ ਵਿਰੁੱਧ ਪ੍ਰਚਾਰ ਤੋਂ ਬਾਅਦ ਪ੍ਰਸ਼ਾਸਨ ਨੇ ਕਈ ਹੋਟਲਾਂ 'ਤੇ ਸਖ਼ਤੀ ਕੀਤੀ, ਜਿਨ੍ਹਾਂ ਦੇ ਨਾਂ ਹਿੰਦੂ ਸਨ ਪਰ ਜਿਨ੍ਹਾਂ ਦੇ ਮਾਲਕ ਮੁਸਲਮਾਨ ਸਨ। ਇਸ ਮੁਹਿੰਮ ਨੂੰ ਚਲਾ ਰਹੇ ਸਵਾਮੀ ਯਸ਼ਵੀਰ ਦਾ ਕਹਿਣਾ ਹੈ, ਮੁਸਲਮਾਨ ਹਿੰਦੂਆਂ ਦੇ ਵਿਸ਼ਵਾਸ ਨਾਲ ਛੇੜਛਾੜ ਕਰਨ ਲਈ ਭੋਜਨ ਨੂੰ ਅਸ਼ੁੱਧ ਅਤੇ ਅਪਵਿੱਤਰ ਬਣਾਉਂਦੇ ਹਨ।" ਉਨ੍ਹਾਂ ਪ੍ਰਚਾਰ ਕੀਤਾ "ਮੁਸਲਮਾਨ ਮਾਲਕਾਂ ਤੇ ਵਰਕਰਾਂ ਦੇ ਨਾਮ ਮੋਟੇ ਅੱਖਰਾਂ ਵਿੱਚ ਲਿਖੋ ਤਾਂ ਜੋ ਹਿੰਦੂ ਯਾਤਰੀ ਸਮਝਦਾਰੀ ਨਾਲ ਆਪਣੇ ਅਦਾਰਿਆਂ 'ਤੇ ਰੁਕਣ। "ਇਸ ਸਵਾਲ 'ਤੇ ਕਿ ਇਸ ਮੁਹਿੰਮ ਨਾਲ ਸਮਾਜ 'ਚ ਭੇਦਭਾਵ ਵੀ ਪੈਦਾ ਹੋ ਸਕਦਾ ਹੈ, ਯਸ਼ਵੀਰ ਦਾ ਕਹਿਣਾ ਹੈ, ''ਇਹ ਹਿੰਦੂਆਂ ਦਾ ਅਧਿਕਾਰ ਹੈ ਕਿ ਉਹ ਜਿੱਥੇ ਖਾਣਾ ਖਾਣ ਜਾ ਰਹੇ ਹਨ, ਉਨ੍ਹਾਂ ਨੂੰ ਇਸਦੇ ਮਾਲਕ ਦਾ ਨਾਮ ਪਤਾ ਹੋਵੇ। ਪ੍ਰਸ਼ਾਸਨ ਨੇ ਸਾਡੀ ਮੰਗ 'ਤੇ ਇਹ ਪੱਕਾ ਕਰ ਦਿੱਤਾ ਹੈ। ਅਸੀਂ ਚਾਹੁੰਦੇ ਹਾਂ ਕਿ ਇਹ ਪੂਰੇ ਉੱਤਰ ਪ੍ਰਦੇਸ਼ ਅਤੇ ਭਾਰਤ ਵਿੱਚ ਕੀਤਾ ਜਾਵੇ ਤਾਂ ਜੋ ਖਾਣ ਪੀਣ ਦੀਆਂ ਦੁਕਾਨਾਂ ਚਲਾਉਣ ਵਾਲਿਆਂ ਦੇ ਨਾਮ ਜਨਤਕ ਹੋ ਸਕਣ।"ਯਸ਼ਵੀਰ ਦਾ ਦਾਅਵਾ ਹੈ ਕਿ ਉਹ ਮੁਸਲਿਮ ਕਾਰੋਬਾਰੀਆਂ ਦੇ ਖ਼ਿਲਾਫ਼ ਨਹੀਂ ਹੈ। ਉਹ ਕਹਿੰਦੇ ਹਨ, "ਕਾਂਵੜ ਯਾਤਰੀਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਕਿਸ ਤੋਂ ਸਾਮਾਨ ਖਰੀਦ ਰਹੇ ਹਨ।"ਯਸ਼ਵੀਰ ਦਾ ਕਹਿਣਾ ਹੈ, ''ਜੇਕਰ ਹਿੰਦੂਆਂ ਦਾ ਰੁਜ਼ਗਾਰ ਮੁਸਲਮਾਨਾਂ ਦੀਆਂ ਦੁਕਾਨਾਂ 'ਤੇ ਨਾ ਜਾਣ ਕਾਰਨ ਪ੍ਰਭਾਵਿਤ ਹੋ ਰਿਹਾ ਹੈ, ਤਾਂ ਅਜਿਹਾ ਹੋਵੇ। ਅਸੀਂ ਉਨ੍ਹਾਂ ਦਾ ਰੁਜ਼ਗਾਰ ਨਹੀਂ ਦੇਖਣਾ, ਸਾਨੂੰ ਆਪਣੇ ਧਰਮ ਦੀ ਪਵਿੱਤਰਤਾ ਦੇਖਣੀ ਪਵੇਗੀ।

# ਪੰਜਾਬ ਪੁਲਿਸ ਵੱਲੋਂ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਣ ਦੀ ਥਾਂ ਤੇ ਹਰਪ੍ਰੀਤ ਸਿੰਘ ਨੂੰ ਫੜਨਾ

ਨਵੀਂ ਦਿੱਲੀ(ਮਨਪ੍ਰੀਤ ਸਿੰਘ ਖਾਲਸਾ): ਪੰਜਾਬ ਪੁਲਿਸ ਨਸ਼ਾ ਤਸਕਰਾਂ ਨੂੰ ਗਿਰਫ਼ਤਾਰ ਕਰਨ ਦੀ ਬਜਾਏ, ਨਸ਼ੇੜੀਆਂ ਨੂੰ ਫੜਕੇ ਖ਼ਾਨਾਪੂਰਤੀ ਕਰਦੀ ਆ ਰਹੀ ਹੈ। ਕਿਓਕਿ ਨਸ਼ਾ ਤਸਕਰੀ ਤਾਂ ਕੇਂਦਰ ਸਰਕਾਰ ਤੋਂ ਲੈਕੇ ਰਾਜ ਸਰਕਾਰਾਂ ਖੁਦ ਕਰਵਾਉਂਦੀਆਂ ਹਨ। ਪਰ ਨਸ਼ਾ ਪੀੜਤ ਪਰਵਾਰਾਂ ਦੀ ਹਾਲ ਦੁਹਾਈ ਨੂੰ ਵੇਖਦਿਆਂ ਹੋਇਆਂ ਸਰਕਾਰਾਂ ਦੀਆਂ ਹਦਾਇਤਾਂ ਅਨੁਸਾਰ ਪੰਜਾਬ ਪੁਲਿਸ ਪਿਛਲੇ 12 ਵਰ੍ਹਿਆਂ ਤੋਂ ਹੀ ਨਸ਼ੇੜੀਆਂ ਨੂੰ ਫੜਕੇ ਖ਼ਾਨਾਪੂਰਤੀ ਕਰਦੀ ਆ ਰਹੀ ਹੈ ਜਿਸ ਕਰਕੇ ਬਹੁਤੇ ਨੌਜੁਆਨ ਪੰਜਾਬ ਪੁਲਿਸ ਦੀ ਇਸ ਮੁਹਿੰਮ ਦੇ ਸ਼ਿਕਾਰ ਬਣ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੀ ਮਹਿਲਾ ਵਿੰਗ ਦੇ ਮੁਖ ਸੇਵਾਦਾਰ ਬੀਬੀ ਰਣਜੀਤ ਕੌਰ ਨੇ ਮੀਡੀਆ ਨੂੰ ਜਾਰੀ ਕੀਤੇ ਰਾਹੀਂ ਕਿਹਾ ਕਿ ਐਮਪੀ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਜਦੋਂ ਦੂਜੇ ਸਾਲ ਲਈ ਐਨਏਸਏ ਲੱਗਣ ਤੇ ਵੀ ਨਹੀਂ ਝੁਕੇ ਤੇ ਸਰਕਾਰ ਨੇ ਉਹਨਾਂ ਦੇ ਭਰਾ ਹਰਪ੍ਰੀਤ ਸਿੰਘ ਨੂੰ ਵੀ ਨਸ਼ਾ ਬਰਾਮਦੀ ਦਿਖਾ ਕੇ ਗਿਰਫ਼ਤਾਰ ਕਰ ਲਿਆ। ਮੋਦੀ ਅਤੇ ਪੰਜਾਬ ਸਰਕਾਰ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਇਹਨਾ ਹੱਥਕੰਡਿਆਂ ਨਾਲ ਸਿੱਖਾਂ ਨੂੰ ਦਬਾਇਆ ਨਹੀਂ ਜਾ ਸਕਦਾ। ਤੇ ਇਹ ਓਹੀ ਸਿੱਖ ਹਨ ਜਿਨ੍ਹਾਂ ਨੇ ਇਸ ਦੇਸ਼ ਨੂੰ ਆਜ਼ਾਦ ਕਰਵਾਉਣ ਲਈ 92 ਪਰਸੈਂਟ ਕੁਰਬਾਨੀਆਂ ਦਿਤੀਆਂ ਹਨ। ਪੰਜਾਬ ਪੁਲਿਸ ਅਦਾਲਤ ਅੰਦਰ ਹਰਪ੍ਰੀਤ ਸਿੰਘ ਦੇ ਨਸ਼ੇ ਨਾਲ ਸੰਬੰਧਿਤ ਤਥਾਂ ਬਾਰੇ ਜਾਣਕਾਰੀ ਦੇਣ ਵਿਚ ਫੇਲ ਸਾਬਿਤ ਹੋਈ ਹੈ ਜਿਸ ਲਈ ਉਨ੍ਹਾਂ ਨੂੰ ਹਰਪ੍ਰੀਤ ਸਿੰਘ ਅਤੇ ਹੋਰਾਂ ਦਾ ਰਿਮਾਂਡ ਨਹੀਂ ਮਿਲ ਸਕਿਆ ਜੋ ਕਿ ਇਹ ਸਾਬਿਤ ਕਰਦਾ ਹੈ ਕਿ ਇਹ ਸਭ ਕੁਝ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਸਦੇ ਪਰਿਵਾਰ ਨੂੰ ਬਦਨਾਮ ਕਰਨ ਦੀ ਚਲੀ ਗਈ ਗੰਦੀ ਚਾਲ ਦਾ ਨਤੀਜਾ ਹੈ । ਅਦਾਲਤ ਅਤੇ ਮੌਜੂਦਾ ਸਰਕਾਰਾਂ ਨੂੰ ਇਸ ਤਰ੍ਹਾਂ ਦੀਆਂ ਚਾਲਾਂ ਚਲਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਨਹੀਂ ਤਾਂ ਸਿੱਖ ਮੁੜ ਵੱਡੇ ਅੰਦੋਲਨ ਦੀ ਰਾਹ ਪੈ ਸਕਦੇ ਹਨ।


AKALI SINGH SIKH SOCIETY
1890- SKEENA STREET, VANCOUVER, B.C., CANADA
PHONE (604) 254-2117, FAX: (604) 254-5309
www.akalisinghgurdwara.ca

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅੱਠਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਨਾਲ ਮਨਾਉਣ ਹਿਤ ਅਕਾਲੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਜਾ ਰਹੇ ਹਨ। ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂਘਰ ਪਹੁੰਚ ਕੇ ਹਾਜ਼ਰੀਆਂ ਭਰ ਕੇ ਗੁਰੂਘਰ ਤੋਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਜੇਕਰ ਕਿਸੇ ਪਰਿਵਾਰ ਨੇ ਇਸ ਪੁਰਬ ਦੀ ਸੇਵਾ ਲੈਣੀ ਹੋਵੇ ਤਾਂ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ ਜੀ- 604-254-2117

ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰੋਗਰਾਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ- 26 ਜੁਲਾਈ 2024, ਦਿਨ ਸ਼ੁੱਕਰਵਾਰ ਸਵੇਰੇ 10:00 ਵਜੇ

ਭੋਗ ਸ੍ਰੀ ਅਖੰਡ ਪਾਠ ਸਾਹਿਬ- 28 ਜੁਲਾਈ 2024, ਦਿਨ ਐਤਵਾਰ ਸਵੇਰੇ 9:30 ਵਜੇ

ਭੋਗ ਉਪਰੰਤ ਗੁਰੂਘਰ ਦੇ ਮਹਾਨ ਕੀਰਤਨੀ ਜਥੇ ਗੁਰਬਾਣੀ ਕੀਰਤਨ ਅਤੇ ਗਿਆਨੀ ਸਾਹਿਬਾਨ ਕਥਾ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਪਾਠ ਦੀ ਸੇਵਾ ਕਰਨ ਵਾਲੇ, ਚੋਬਦਾਰੀ ਦੀ ਸੇਵਾ ਕਰਨ ਵਾਲੇ ਅਤੇ ਲੰਗਰ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਸਮੇਂ ਸਿਰ ਗੁਰੂਘਰ ਪਹੁੰਚ ਕੇ ਸੇਵਾ ਵਿਚ ਹੱਥ ਵਟਾ ਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਗੁਰੂ ਕਾ ਲੰਗਰ ਤਿੰਨੇ ਦਿਨ ਅਤੁੱਟ ਵਰਤੇਗਾ

24 ਜੁਲਾਈ, ਦਿਨ ਬੁੱਧਵਾਰ......ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਅਜੇ ਗਰੇਵਾਲ ਅਤੇ ਪਰਿਵਾਰ ਵਲੋਂ ਹੋਵੇਗੀ।
25 ਜੁਲਾਈ, ਦਿਨ ਵੀਰਵਾਰ.....ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
26 ਜੁਲਾਈ, ਦਿਨ ਸ਼ੁੱਕਰਵਾਰ....ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
27 ਜੁਲਾਈ, ਦਿਨ ਸ਼ਨਿੱਚਰਵਾਰ.ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
27 ਜੁਲਾਈ, ਦਿਨ ਸ਼ਨਿੱਚਰਵਾਰ.ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਹਰਜੀਤ ਸਿੰਘ ਅਤੇ ਪਰਿਵਾਰ ਵਲੋਂ ਹੋਵੇਗੀ।
27 ਜੁਲਾਈ, ਦਿਨ ਸ਼ਨਿੱਚਰਵਾਰ.ਸ਼ਾਮ 3:00 ਵਜੇ ਨੰਬਰ 2 ਦਰਬਾਰ ਹਾਲ ਵਿਚ ਭਾਈ ਸੋਹਨ ਸਿੰਘ ਗੋਸਲ ਵਲੋਂ ਕੁੜਮਾਈ ਦੀ ਰਸਮ ਹੋਵੇਗੀ।
28 ਜੁਲਾਈ, ਦਿਨ ਐਤਵਾਰ.....ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਕੁਲਦੀਪ ਸਿੰਘ ਦੇਹਲ ਵਲੋਂ ਹੋਵੇਗੀ।
28 ਜੁਲਾਈ, ਦਿਨ ਐਤਵਾਰ.....ਸ਼ਾਮ ਨੂੰ ਨੰਬਰ 2 ਦਰਬਾਰ ਹਾਲ ਵਿੱਚ ਲੰਗਰ ਦੀ ਸੇਵਾ ਭਾਈ ਇੰਦਰਜੀਤ ਸਿੰਘ ਢਿੱਲੋਂ ਅਤੇ ਪਰਿਵਾਰ ਵਲੋਂ ਹੋਵੇਗੀ।
2 ਅਗਸਤ, ਦਿਨ ਸ਼ੁੱਕਰਵਾਰ.....ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
3 ਅਗਸਤ, ਦਿਨ ਸ਼ਨਿੱਚਰਵਾਰ..ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
3 ਅਗਸਤ, ਦਿਨ ਸ਼ਨਿੱਚਰਵਾਰ..ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਰਾਜਗੋਪਾਲ ਸਿੰਘ ਗਰੇਵਾਲ ਅਤੇ ਪਰਿਵਾਰ ਵਲੋਂ ਹੋਵੇਗੀ।
4 ਅਗਸਤ, ਦਿਨ ਐਤਵਾਰ......ਸਵੇਰ ਨੂੰ 8:00 ਵਜੇ ਤੋਂ 12:00 ਵਜੇ ਤੱਕ ਦੀਵਾਨ ਸਜਣਗੇ, ਲੰਗਰ ਵੀ ਹੋਵੇਗਾ।
4 ਅਗਸਤ, ਦਿਨ ਐਤਵਾਰ......ਸਵੇਰ ਨੂੰ ਨੰਬਰ 2 ਦਰਬਾਰ ਹਾਲ ਵਿਚ ਅਨੰਦ ਕਾਰਜ ਹੋਣਗੇ।
7 ਅਗਸਤ, ਦਿਨ ਬੁੱਧਵਾਰ.......ਸਵੇਰ ਨੂੰ ਅਨੰਦ ਕਾਰਜ ਹੋਵੇਗਾ।
8 ਅਗਸਤ, ਦਿਨ ਵੀਰਵਾਰ......ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
9 ਅਗਸਤ, ਦਿਨ ਸ਼ੁੱਕਰਵਾਰ.....ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
10 ਅਗਸਤ, ਦਿਨ ਸ਼ਨਿੱਚਰਵਾਰ.ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
10 ਅਗਸਤ, ਦਿਨ ਸ਼ਨਿੱਚਰਵਾਰ.ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਭਾਈ ਬਲਵਿੰਦਰ ਸਿੰਘ ਖੱਖ ਅਤੇ ਪਰਿਵਾਰ ਵਲੋਂ ਨੰਬਰ 2 ਦਰਬਾਰ ਹਾਲ ਵਿਚ ਭਾਈ ਰਣਧੀਰ ਸਿੰਘ ਸੰਧੂ ਅਤੇ ਪਰਿਵਾਰ ਵਲੋਂ ਲੰਗਰ ਦੀ ਸੇਵਾ ਹੋਵੇਗੀ।
11 ਅਗਸਤ, ਦਿਨ ਐਤਵਾਰ.....ਸਵੇਰ ਨੂੰ ਲੰਗਰ ਦੀ ਸੇਵਾ ਭਾਈ ਬਲਦੇਵ ਸਿੰਘ ਢਿੱਲੋਂ ਅਤੇ ਪਰਿਵਾਰ ਵਲੋਂ ਹੋਵੇਗੀ।
11 ਅਗਸਤ, ਦਿਨ ਐਤਵਾਰ.....ਸਵੇਰ ਨੂੰ ਨੰਬਰ 2 ਦਰਬਾਰ ਹਾਲ ਵਿੱਚ ਅਨੰਦ ਕਾਰਜ ਹੋਵੇਗਾ।
11 ਅਗਸਤ, ਦਿਨ ਐਤਵਾਰ.....ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਜਸਵੰਤ ਸਿੰਘ ਬਾਠ ਅਤੇ ਪਰਿਵਾਰ ਵਲੋਂ ਹੋਵੇਗੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 12:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ    ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117


DREAM BANQUET HALL
Birthday, Wedding, Reception, anniversary, Jago, Kitty Parties,
Graduation, Seminars, Fund Raising, Business Meeting, Corporate Events
Capacity
350-375 seats
Dream Catering "Your Venue, Our Food"
We provide various Menu
Options to choose
ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ,
ਸੈਮੀਨਾਰ, ਫੰਡ ਰੇਜ਼ਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ
ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ
For Bookings, Contact: 604-203-7272
7236 -120St, Surrey, BC
Email:info@dreambanquethall.ca


.Ck Auto.
CK AUTO SERVICES LTD.
«Tune Ups «Oil Change
«Wheel alignment
«Transmission «Electrical
«Air Condition
«Electronic Fuel Injection
«Brakes «Repairs
«Propane & Natural Gas
«Computerized Wheel Alignment
«Tires & Wheel Balancing
AUTO REPAIR SERVICES
-REASONABLE RATES
-EXPERIENCED -QUALITY WORK
.Ck Auto.
Cell: 778-322-1610
Tel: 604-592-2667
#106-13112-84th Ave.,Surrey
Open Mon to Sat 9 am to 6pm
SUNDAY CLOSED
TARSHOTAM BIRAN


PUNJAB Dock & Door Services Ltd.
Services We Provide
*Garage Door / Garage Door Opener
*Overhead Door *Dock Leveler
*High Speed Doors *Truck Restraints
*Dock Bumper *Door Seals
*Dock Shelters *Commercial Opener
*Man Doors *Pedestrian Door
*Fork Lift Repair *Pest Controls
*Residential Doors *Security Gates
*Freezer Door *Rubber Door
*Fire Doors *Impact Doors
*Truck Restraints *Welding & Fabrication
*Electrical Service *Weather Stripping
*Gate Operator *Steel Rollup Doors
ਅਸੀਂ ਹੇਠ ਲਿਖੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ
*ਗਰਾਜ ਡੋਰ/ਗਰਾਜ ਡੋਰ ਓਪਨਰ *ਓਵਰਹੈੱਡ ਡੋਰ *ਡੌਕ ਲੈਵਲਰ *ਹਾਈ ਸਪੀਡ ਡੋਰ
*ਟਰੱਕ ਰੈਸਟਰੇਂਟਸ *ਡੌਕ ਬੰਪਰ *ਡੋਰ ਸੀਲਾਂ *ਡੌਕ ਸ਼ੈਲਟਰਜ *ਕਮਰਸ਼ੀਅਲ ਓਪਨਰ
*ਮੈਨ ਡੋਰਾਂ *ਪੈਡੈਸਟਰੀਅਨ ਡੋਰ *ਫੋਰਕ ਲਿਫਰ ਰਿਪੇਅਰ *ਪੈਸਟ ਕੰਟਰੋਲ *ਰੈਜੀਡੈਂਸ਼ੀਅਲ ਡੋਰ
*ਵੈਲਡਿੰਗ * ਫੈਬਰੀਕੇਸ਼ਨ *ਇਲੈਕਟ੍ਰੀਕਲ ਸਰਵਿਸ *ਗੇਟ ਓਪਨਰ *ਸਟੀਲ ਰੋਲ ਅੱਪ ਡੋਰ
*ਫਰੀਜਰ ਡੋਰ *ਰਬੜ ਡੋਰ *ਫਾਇਰ ਡੋਰ *ਇੰਪੈਕਟ ਡੋਰ *ਟਰੱਕ ਰੀਸਟਰੇਂਟਸ *ਸਕਿਓਰਟੀ ਗੇਟ
FREE ESTIMATE
ਪੰਜਾਬੀ ਵਿਚ ਗੱਲਬਾਤ ਕਰਨ ਲਈ ਫੋਨ ਕਰੋ
604-603-9170
Ph:778-522-6490
Email:randeepgrewal99@gmail.com

# ਕਨੇਡੀਅਨ ਭਲਵਾਨ ਟਹਿਲ ਸਿੰਘ ਕੈਲੇ ਵੱਲੋਂ ਸਮਾਜ ਸੇਵੀ ਕੰਮਾਂ ਦੀ ਇਲਾਕੇ 'ਚ ਸ਼ਲਾਘਾ



















ਕਨੇਡਾ ਵਿਚ 1968 ਵਿਚ ਪਹੁੰਚੇ ਸ. ਟਹਿਲ ਸਿੰਘ ਕੈਲਾ ਕਨੇਡਾ ਵਿਚ ਉੱਚ ਕੋਟੀ ਦੇ ਭਲਵਾਨ ਰਹੇ, ਵੱਡੀਆ ਕੁਸ਼ਤੀਆਂ ਲੜੀਆਂ ਅਤੇ ਬਹੁਤ ਨਾਮ ਕਮਾਇਆ। ਰਿਟਾਇਰ ਹੋਣ ਤੋਂ ਬਾਦ 2004 ਵਿਚ ਪੱਕੇ ਤੌਰ ਤੇ ਪਿੰਡ ਕੈਲੇ ਜ਼ਿਲ੍ਹਾ ਲੁਧਿਆਣਾ ਵਿਚ ਰਿਹਾਇਸ਼ ਕਰ ਲਈ। ਉਥੇ ਭਲਵਾਨ ਜੀ ਨੇ ਅਖਾੜਾ ਸ਼ੁਰੂ ਕੀਤਾ। ਜਿੱਥੇ ਇਲਾਕੇ ਦੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕੀਤਾ। ਅੱਜ ਕੁਸ਼ਤੀ, ਕਬੱਡੀ ਦੇ ਦਾਅ ਪੇਚ ਨਵੇਂ ਭਲਵਾਨਾਂ ਨੂੰ ਦੱਸ ਰਹੇ ਹਨ। ਇਸ ਬਲਾਕ ਵਿਚ ਜਿੱਥੇ ਵੀ ਖੇਡਾਂ ਹੁੰਦੀਆਂ ਹਨ ਭਲਵਾਨ ਉਥੇ ਪਹੁੰਚ ਕੇ ਖਿਡਾਰੀਆਂ ਦੀ ਹੌਸਲਾ ਅਫਜਾਈ ਕਰਦੇ ਹਨ ਅਤੇ ਦਿਲ ਖਿੱਚਵੇਂ ਇਨਾਮ ਵੀ ਦਿੰਦੇ ਹਨ।

ਇਸ ਤੋਂ ਇਲਾਵਾ ਲੋੜਵੰਦ ਬੱਚਿਆਂ ਨੂੰ ਕੱਪੜੇ, ਕਿਤਾਬਾਂ, ਫੀਸਾਂ, ਪੈਨ ਪੈਨਸਲਾਂ, ਕਾਪੀਆਂ ਵੀ ਵਰਤਾਅ ਦਿੰਦੇ ਹਨ। ਉਸ ਇਲਾਕੇ ਦੇ ਸਕੂਲਾਂ ਵਿਚ ਐਲਾਨ ਕੀਤਾ ਹੈ ਕਿ ਜਿਸ ਬੱਚੇ ਨੂੰ ਜਰੂਰਤ ਹੋਵੇ ਉਸਦੀ ਮੱਦਦ ਕੀਤੀ ਜਾਵੇਗੀ। ਜੋ ਵੀ ਵਿਅਕਤੀ ਕਿਸੇ ਬੱਚੇ ਨੂੰ ਸਕੂਲ ਦਾਖਲ ਕਰਵਾਉਂਦਾ ਹੈ, ਉਸ ਨੂੰ ਇਨਾਮ ਤੇ ਸਨਮਾਨ ਦਿੱਤਾ ਜਾਂਦਾ ਹੈ।

ਇਸਤੋਂ ਇਲਾਵਾ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਨਾਮ ਤੇ ਪਿੰਡ ਸਰਾਭੇ ਵਿਚ ਹਸਪਤਾਲ ਚੱਲ ਰਿਹਾ ਹੈ, ਹਸਪਤਾਲ ਦੇ ਟਰੱਸਟੀ ਜੋ ਅਮਰੀਕਾ, ਕਨੇਡਾ ਵਿਚ ਰਹਿੰਦੇ ਹਨ, ਬਹੁਤ ਚੰਗਾ ਕੰਮ ਕਰ ਰਹੇ ਹਨ। ਸਾਰੇ ਕਮੇਟੀ ਵਾਲੇ ਸਤਿਕਾਰਯੋਗ ਹਨ। ਭਲਵਾਨ ਟਹਿਲ ਸਿੰਘ ਕੈਲੇ ਵੀ ਇਸ ਹਸਪਤਾਲ ਦੇ ਟਰੱਸਟੀ ਹਨ। ਹਸਪਤਾਲ ਵਿਚ ਰੋਜਾਨਾ ਜਾਂਦੇ ਰਹਿੰਦੇ ਹਨ ਅਤੇ ਲੋੜਵੰਦ ਮਰੀਜਾਂ ਦੀ ਮੱਦਦ ਕਰਦੇ ਰਹਿੰਦੇ ਹਨ। ਇਲਾਕੇ ਦੇ ਵਿਦਿਆਲੇ ਜੋ ਪੰਜਾਬੀ ਜਾਂ ਗੁਰਮਤਿ ਪੜ੍ਹਾਉਂਦੇ ਹਨ ਉਹਨਾਂ ਦੀ ਸੇਵਾ ਕਰਦੇ ਰਹਿੰਦੇ ਹਨ। ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਦਮਦਮਾ ਸਾਹਿਬ ਬਠਿੰਡਾ ਆਦਿਕ ਥਾਵਾਂ ਤੇ ਚੱਲ ਰਹੇ ਵਿਦਿਆਲਿਆਂ ਵਿਚ ਸੇਵਾ ਕਰਦੇ ਰਹਿੰਦੇ ਹਨ। ਉਹਨਾਂ ਦੱਸਿਆ ਕਿ ਸਰਾਭਾ (ਲੁਧਿਆਣਾ) ਹਸਪਤਾਲ ਵਿਚ ਅਧੁਨਿਕ ਮਸ਼ੀਨਾਂ, ਮਾਹਿਰ ਡਾਕਟਰ, ਡੀ ਐਮ ਸੀ ਤੋਂ ਆਏ ਹੋਏ ਹਨ। ਸਰਾਭਾ ਮੈਡੀਕਲ ਦੇ ਪ੍ਰਿੰਸੀਪਲ ਬਹੁਤ ਕਾਬਲ ਡਾਕਟਰ ਹਨ। ਚੇਅਰਮੈਨ, ਪਰਮਜੀਤ ਕੌਰ ਤੇ ਜਤਿੰਦਰ ਸਿੰਘ ਗਰੇਵਾਲ ਬਹੁਤ ਮਿਹਨਤ ਕਰ ਰਹੇ ਹਨ।

ਭਲਵਾਨ ਟਹਿਲ ਸਿੰਘ ਕੈਲੇ ਜੀ ਦਾ ਸੰਪਰਕ ਨੰਬਰ:98146-91991 ਹੈ।

## (ਮੁੱਖ ਪੰਨੇ ਦੀ ਬਾਕੀ)

ਸੰਸਥਾਵਾਂ ਤੋਂ ਉਘੀਆਂ ਸ਼ਖਸ਼ੀਅਤਾਂ ਸ਼ਾਮਿਲ ਹੋਈਆਂ।

110ਸਾਲਾ ਸਮਾਗਮ ਦੇ ਮੁੱਖ ਮਨੋਰਥ ਵਜੋਂ ਗੁਰੂ ਨਾਨਕ ਜਹਾਜ਼ ਦੀ ਮੌਜੂਦਗੀ ਦੇ 110ਸਾਲਾ ਸਮਾਗਮ ਮੌਕੇ, ਤਿੰਨ ਅਹਿਮ ਮਤੇ ਪਾਸ ਕੀਤੇ, ਜੋ ਕਿ ਇਸ ਤਰ੍ਹਾਂ ਹਨ ;


1. ਅਸਲੀ ਨਾਂ ਦੀ ਬਹਾਲੀ ਦੀ ਮੰਗ : ਅਸੀਂ ਮੰਗ ਕਰਦੇ ਹਾਂ ਕਿ "ਕਾਮਾਗਾਟਾਮਾਰੂ" ਨਾਂ ਦੀ ਥਾਂ ਬਾਬਾ ਗੁਰਦਿੱਤ ਸਿੰਘ ਜੀ ਅਤੇ ਮੁਸਾਫਿਰਾਂ ਦੁਆਰਾ ਦਿੱਤੇ ਗਏ "ਗੁਰੂ ਨਾਨਕ ਜਹਾਜ਼" ਦੇ ਅਸਲੀ ਨਾਂ ਨੂੰ ਬਹਾਲ ਕੀਤਾ ਜਾਵੇ। ਮੌਜੂਦਾ ਨਾਂ ਇਸ ਇਤਿਹਾਸਕ ਯਾਤਰਾ ਦੇ ਅਸਲ ਸੰਘਰਸ਼ ਅਤੇ ਤੱਤ ਨੂੰ ਹਾਸਿਲ ਕਰਨ ਵਿੱਚ ਅਸਫਲ ਰਿਹਾ ਹੈ। ਇਸ ਮਹੱਤਵਪੂਰਨ ਘਟਨਾ ਦੀ ਵਿਰਾਸਤ ਦਾ ਸਹੀ ਸਨਮਾਨ ਕਰਨ ਲਈ ਅਸਲੀ ਨਾਂ ਨੂੰ ਬਹਾਲ ਕਰਨਾ ਜ਼ਰੂਰੀ ਹੈ।


2. ਸਤਹੀ ਪੱਧਰ ਦੀ ਸਨਮਾਨਾਂ ਦਾ ਸਿਲਸਿਲਾ ਬੰਦ ਕਰਨ ਦੀ ਮੰਗ : 'ਗੁਰੂ ਨਾਨਕ ਜਹਾਜ਼' ਹੋਰ ਮਹੱਤਵਪੂਰਨ ਅਤੇ ਸਾਰਥਕ ਯਾਦਗਾਰ ਦਾ ਹੱਕਦਾਰ ਹੈ, ਜੋ ਸੱਚਮੁੱਚ ਇਸ ਦੀ ਇਤਿਹਾਸਕ ਮਹੱਤਤਾ ਨੂੰ ਦਰਸਾਉਂਦੀ ਹੋਵੇ। ਇਸ ਵਿੱਚ ਵਿਦਿਅਕ ਪ੍ਰੋਗਰਾਮ, ਕਮਿਊਨਿਟੀ ਇਵੈਂਟਸ, ਅਤੇ ਸਥਾਈ ਪ੍ਰਦਰਸ਼ਨੀਆਂ ਸ਼ਾਮਲ ਹਨ, ਜੋ ਇਸ ਇਤਿਹਾਸਕ ਯਾਤਰਾ ਦੀ ਕਹਾਣੀ ਅਤੇ ਪ੍ਰਭਾਵ ਦੀ ਡੂੰਘਾਈ ਨਾਲ ਪੜਚੋਲ ਅਤੇ ਪੇਸ਼ਕਾਰੀ ਕਰਦੇ ਹਨ। ਅਸੀਂ ਸਤਹੀ ਸਨਮਾਨਾਂ ਲਈ ਟੈਕਸਦਾਤਾਵਾਂ ਦੇ ਪੈਸੇ ਦੀ ਦੁਰਵਰਤੋਂ 'ਤੇ ਰੋਕ ਦੀ ਮੰਗ ਕਰਦੇ ਹਾਂ, ਜਿਵੇਂ ਕਿ ਤਖ਼ਤੀ, ਕੰਧ-ਚਿੱਤਰ ਅਤੇ ਗਲੀ ਦੇ ਨਾਮਕਰਨ ਕਰਨੇ। ਵੇਖਣ ਨੂੰ ਚਾਹੇ ਇਹ ਸੰਕੇਤ ਚੰਗੇ ਲੱਗਦੇ ਹਨ, ਪਰ ਅਸਲ ਵਿੱਚ ਇਹ ਸਿਰਫ਼ ਨਾ ਮਾਤਰ ਹਨ।

3. ਇਤਿਹਾਸਕ ਰਿਕਾਰਡ ਨੂੰ ਸੁਧਾਰਨਾ : ਸਾਡੇ ਗਦਰੀ ਬਾਬਿਆ ਦੇ ਸੱਚੇ ਸਤਿਕਾਰ ਵਿੱਚ, ਅਸੀਂ ਬੇਨਤੀ ਕਰਦੇ ਹਾਂ ਕਿ ਅਕਾਦਮਿਕ ਸੰਸਥਾਵਾਂ, ਸੱਭਿਆਚਾਰਕ ਸੰਸਥਾਵਾਂ ਅਤੇ ਅਜਾਇਬ ਘਰ 'ਗੁਰੂ ਨਾਨਕ ਜਹਾਜ਼' ਸ਼ਬਦ ਨੂੰ ਸਹੀ ਰੂਪ ਵਿੱਚ ਦਰਸਾਉਣ ਲਈ, ਇਤਿਹਾਸਕ ਰਿਕਾਰਡ ਨੂੰ ਸੁਧਾਰਨ। ਸਾਡੇ ਪੰਜਾਬੀ ਕੈਨੇਡੀਅਨ ਵਿਰਸੇ ਨੂੰ ਸਮਝਣ ਅਤੇ ਇਸ ਇਤਿਹਾਸਕ ਸਫ਼ਰ ਦੀ ਵਿਰਾਸਤ ਨੂੰ ਸਹੀ ਢੰਗ ਨਾਲ ਸੁਰੱਖਿਅਤ ਅਤੇ ਸਨਮਾਨ ਦੇਣ ਲਈ, ਚਾਰਟਰਡ ਜਹਾਜ਼ 'ਗੁਰੂ ਨਾਨਕ ਜਹਾਜ਼' ਦੀ ਪਛਾਣ ਦੀ ਸਹੀ ਨੁਮਾਇੰਦਗੀ ਬਹੁਤ ਜ਼ਰੂਰੀ ਹੈ। ਇਹ ਮਤੇ ਅੰਗਰੇਜ਼ੀ ਵਿੱਚ ਗਿਆਨ ਸਿੰਘ ਸੰਧੂ, ਫਰੈਂਚ ਵਿੱਚ ਸਾਹਿਬ ਕੌਰ ਧਾਲੀਵਾਲ ਅਤੇ ਪੰਜਾਬੀ ਵਿੱਚ ਭੁਪਿੰਦਰ ਸਿੰਘ ਮੱਲੀ ਵੱਲੋਂ ਪੜੇ ਗਏ ਅਤੇ ਸਾਰਿਆਂ ਦੀ ਪ੍ਰਵਾਨਗੀ ਲਈ ਗਈ।

ਕਾਮਾਗਾਟਾਮਾਰੂ ਦੇ ਮਾਫੀਨਾਮਿਆਂ ਵਿੱਚ ਸੋਧ ਵਾਸਤੇ, ਇਹਨਾਂ ਮਤਿਆਂ 'ਤੇ ਪਾਰਲੀਮੈਂਟ ਮੈਂਬਰ ਸੁਖ ਧਾਲੀਵਾਲ, ਬੀਸੀ ਤੇ ਸਿੱਖਿਆ ਮੰਤਰੀ ਰਚਨਾ ਸਿੰਘ ਅਤੇ ਵੈਨਕੂਵਰ ਦੇ ਕਮਿਸ਼ਨਰ ਜਸਪ੍ਰੀਤ ਸਿੰਘ ਵਿਰਦੀ ਨੇ ਬੋਲਦਿਆਂ ਗੁਰੂ ਨਾਨਕ ਜਹਾਜ਼ ਨਾਂ ਬਹਾਲ ਕਰਨ 'ਤੇ ਸਹਿਮਤੀ ਪ੍ਰਗਟਾਈ। ਸਮਾਗਮ ਦੇ ਆਰੰਭ ਵਿੱਚ ਬੀਸੀ ਵਿਧਾਨ ਸਭਾ ਦੇ ਸਪੀਕਰ ਰਾਜ ਚੌਹਾਨ ਕੁਝ ਸਮੇਂ ਲਈ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। 110 ਸਾਲਾ ਸਮਾਗਮ ਵਿੱਚ ਬੀਸੀ ਖਾਲਸਾ ਦਰਬਾਰ ਵਲੋਂ ਹਰਿੰਦਰ ਸਿੰਘ ਸੋਹੀ ਵੱਲੋਂ ਸਭ ਦਾ ਸਵਾਗਤ ਕੀਤਾ ਗਿਆ, ਜਦ ਕਿ ਅਕਾਲੀ ਸਿੰਘ ਸਿੱਖ ਸੋਸਾਇਟੀ ਵੱਲੋਂ ਭਾਈ ਜਸਵੀਰ ਸਿੰਘ ਨੇ ਅਰਦਾਸ ਕੀਤੀ। ਨਿਵਾਸੀ ਭਾਈਚਾਰੇ ਦੀ ਸਿਸੀਲੀਆ ਪੁਆਇੰਟ ਵੱਲੋਂ ਸਭਨਾਂ ਦਾ ਸਵਾਗਤ ਕੀਤਾ ਗਿਆ, ਜਦਕਿ ਖਾਲਸਾ ਅਖਾੜੇ ਦੇ ਕੈਨੇਡੀਅਨ ਜੰਪਲ ਬੱਚਿਆਂ ਨੇ 'ਓ ਕੈਨੇਡਾ' ਗਾਇਨ ਕੀਤਾ ਤੇ ਅਖੀਰ ਵਿੱਚ ਗੱਤਕੇ ਤੇ ਜੌਹਰ ਦਿਖਾਏ। ਗੁਰੂ ਨਾਨਕ ਜਹਾਜ਼ ਹੈਰੀਟੇਜ਼ ਸੁਸਾਇਟੀ ਦੇ ਰਾਜ ਸਿੰਘ ਭੰਡਾਲ ਨੇ ਗੁਰੂ ਨਾਨਕ ਜਹਾਜ਼ ਨਾਂ ਦੀ ਵਰਤੋਂ ਬਾਰੇ ਇਤਿਹਾਸਿਕ ਵਿਚਾਰ ਸਾਂਝੇ ਕੀਤੇ।ਇਸ ਮੌਕੇ 'ਤੇ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਵੱਲੋਂ ਪ੍ਰਕਾਸ਼ਿਤ 'ਸ੍ਰੀ ਗੁਰੂ ਨਾਨਕ ਜਹਾਜ਼ (ਕਾਮਾਗਾਟਾ ਮਾਰੂ ਜਹਾਜ਼) : ਸਮਕਾਲੀ ਬਿਰਤਾਂਤ' (ਡਾ. ਗੁਰਦੇਵ ਸਿੰਘ ਸਿੱਧੂ ਦੁਆਰਾ ਸੰਪਾਦਿਤ) ਤੇ ਬਾਬਾ ਗੁਰਦਿੱਤ ਸਿੰਘ ਦੀ ਆਪਣੀ ਕਲਮ ਤੋਂ ਲਿਖੀ ਤੇ ਅੰਗਰੇਜ਼ ਸਰਕਾਰ ਦੁਆਰਾ 1922 ਵਿਚ ਜ਼ਬਤ ਪੁਸਤਕ "ਗੁਰੂ ਨਾਨਕ ਜਹਾਜ਼" (ਡਾ. ਗੁਰਵਿੰਦਰ ਸਿੰਘ ਅਤੇ ਡਾ. ਗੁਰਦੇਵ ਸਿੰਘ ਸਿੱਧੂ ਦੁਆਰਾ ਸੰਪਾਦਿਤ) ਕਿਤਾਬਾਂ ਲੋਕ ਅਰਪਣ ਕੀਤੀਆਂ ਗਈਆਂ ਅਤੇ ਗੁਰੂ ਨਾਨਕ ਜਹਾਜ਼ ਬਾਰੇ ਵਿਚਾਰਾਂ ਹੋਣਗੀਆਂ। ਡਾ. ਗੁਰਦੇਵ ਸਿੰਘ ਸਿੱਧੂ ਨੇ ਕਿਹਾ ਕਿ ਬਹੁਤੀਆਂ ਪੁਸਤਕਾਂ ਦੇ ਲਿਖਾਰੀਆਂ ਨੇ ਜਪਾਨੀ ਕੰਪਨੀ ਦੇ ਮਾਲਕੀ ਹੇਠਲੇ ਜਹਾਜ਼ ਦੇ ਇਕਰਾਰਨਾਮੇ ਅਨੁਸਾਰ, ਮੀਡੀਆ ਰਿਪੋਰਟਾਂ ਅਤੇ ਬ੍ਰਿਟਿਸ਼ ਸਰਕਾਰ ਦੇ ਦਸਤਾਵੇਜ਼ਾਂ ਨੂੰ ਆਧਾਰ ਬਣਾ ਕੇ ਕਾਮਾਗਾਟਾਮਾਰੂ ਨਾ ਤਾਂ ਪ੍ਰਚਲਤ ਕਰ ਦਿੱਤਾ, ਪਰ ਬਾਬਾ ਗੁਰਦਿੱਤ ਸਿੰਘ ਦੀ ਸਵੈ-ਜੀਵਨੀ ਵਿੱਚ ਦਰਜ ਕੀਤੇ ਗਏ ਮੂਲ ਤੱਥਾਂ ਦਾ ਕਿਧਰੇ ਵੀ ਵੇਰਵਾ ਨਹੀਂ ਦਿੱਤਾ, ਜਿਸ ਵਿੱਚ ਉਹਨਾਂ ਸਪੱਸ਼ਟ ਕੀਤਾ ਸੀ ਕਿ ਕਾਮਾਗਾਟਾ ਮਾਰੂ ਜਹਾਜ਼ ਕਰਾਏ ਤੇ ਲੈਣ ਮਗਰੋਂ, ਇਸ ਦਾ ਨਾਂ ਬਦਲ ਕੇ 'ਗੁਰੂ ਨਾਨਕ ਜਹਾਜ਼' ਰੱਖ ਦਿੱਤਾ ਗਿਆ ਸੀ।ਉਹਨਾਂ ਕਿਹਾ ਕਿ ਮੂਲ ਇਤਿਹਾਸਿਕ ਸਰੋਤ 'ਗੁਰੂ ਨਾਨਕ ਜਹਾਜ਼' ਕਿਤਾਬ ਦੇ ਹਵਾਲਿਆ ਨੂੰ ਵਿਚਾਰਨ ਮਗਰੋਂ ਇਹ ਕਿਹਾ ਜਾ ਸਕਦਾ ਹੈ ਕਿ ਇਸ ਤੋਂ ਬਗੈਰ ਲਿਖੀਆਂ ਪੁਸਤਕਾਂ ਅਤੇ ਖੋਜ ਨਿਬੰਧ ਇਤਿਹਾਸਿਕ ਸੋਧਾਂ ਦੇ ਮੁਥਾਜ ਹਨ।ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਵੱਲੋਂ ਸਮਾਗਮ ਦਾ ਸੰਚਾਲਨ ਕਰਦਿਆਂ ਡਾ. ਗੁਰਵਿੰਦਰ ਸਿੰਘ ਨੇ ਕਿਹਾ ਕਿ ਬਾਬਾ ਗੁਰਦਿੱਤ ਸਿੰਘ ਵੱਲੋਂ ਲਿਖੀ ਕਿਤਾਬ 'ਗੁਰੂ ਨਾਨਕ ਜਹਾਜ਼' ਦੇ ਮੂਲ ਇਤਿਹਾਸਿਕ ਤੱਥਾਂ 'ਤੇ ਅਧਾਰਤ ਜਾਣਕਾਰੀ ਤੋਂ ਬਾਅਦ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿ ਉਹਨਾਂ ਵੱਲੋਂ ਕਿਰਾਏ ਤੇ ਲਏ ਗਏ ਸਮੁੰਦਰੀ ਬੇੜੇ ਦਾ ਨਾਂ ਗੁਰੂ ਨਾਨਕ ਜਹਾਜ਼ ਰੱਖਿਆ ਗਿਆ ਸੀ ਅਤੇ ਅੱਗੇ ਤੋਂ ਇਤਿਹਾਸਕਾਰਾਂ, ਮੀਡੀਆਕਾਰਾਂ ਅਤੇ ਸਿਆਸਤਦਾਨਾਂ ਨੂੰ 'ਗੁਰੂ ਨਾਨਕ ਜਹਾਜ਼' ਸ਼ਬਦ ਹੀ ਵਰਤਣਾ ਚਾਹੀਦਾ ਹੈ।ਸਮਾਗਮ ਵਿੱਚ ਗੁਰਦੁਆਰਾ ਬੀਸੀ ਖਾਲਸਾ ਦਰਬਾਰ ਵੈਨਕੂਵਰ ਅਤੇ ਅਕਾਲੀ ਸਿੰਘ ਸਿੱਖ ਸੋਸਾਇਟੀ ਤੋਂ ਇਲਾਵਾ ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ ਡੈਲਟਾ ਤੋਂ ਗੁਰਮੀਤ ਸਿੰਘ ਤੂਰ, ਖਾਲਸਾ ਦੀਵਾਨ ਸੁਸਾਇਟੀ ਸੁਖ ਸਾਗਰ ਨਿਊ ਵੈਸਟਮਿਨਿਸਟਰ ਤੋਂ ਹਰਦੀਪ ਸਿੰਘ ਨਾਗਰਾ, ਗੁਰ ਨਾਨਕ ਨਿਵਾਸ ਗੁਰਦੁਆਰਾ ਰਿਚਮੰਡ ਤੋ ਬਲਵੰਤ ਸਿੰਘ ਸੰਘੇੜਾ, ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ ਅਤੇ ਬੀਸੀ ਗੁਰਦੁਆਰਾ ਕੌਂਸਲ ਤੋਂ ਬੁਲਾਰੇ ਮਨਿੰਦਰ ਸਿੰਘ ਬੋਇਲ, ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਰਣਜੀਤ ਸਿੰਘ ਖਾਲਸਾ ਅਤੇ ਗੁਰਦੁਆਰਾ ਕਲਗੀਧਰ ਦਰਬਾਰ ਐਬਟਸਫੋਰਡ ਤੋਂ ਗਿਆਨੀ ਬਲਵਿੰਦਰ ਸਿੰਘ, ਗੁਰਦੁਆਰਾ ਸਾਹਿਬ ਬੁਕਸਾਈਡ ਸਰੀ ਤੋਂ ਸੁਰਿੰਦਰ ਸਿੰਘ ਜੱਬਲ, ਗੁਰਦੁਆਰਾ ਨਾਨਕਸਰ ਵਿੱਚ ਰਿਚਮੰਡ ਤੋਂ ਅਮਰੀਕ ਸਿੰਘ ਨਿੱਝਰ ਅਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਤੋਂ ਕੁੰਦਨ ਸਿੰਘ ਸੱਜਣ ਨੇ ਭਵਿੱਖ ਵਿੱਚ ਗੁਰੂ ਨਾਨਕ ਜਹਾਜ਼ ਸ਼ਬਦ ਵਰਤਣ ਦਾ ਪ੍ਰਣ ਲਿਆ।ਗੁਰਦੁਆਰਾ ਸੰਸਥਾਵਾਂ ਤੋਂ ਇਲਾਵਾ ਪਾਕਿਸਤਾਨ ਦੀ ਰਾਜਸੀ ਸ਼ਖਸ਼ੀਅਤ ਅਤੇ ਸਾਬਕਾ ਪਾਰਲੀਮੈਂਟ ਸਕੱਤਰ ਰਾਏ ਅਜ਼ੀਜ਼ ਉੱਲਾ ਖਾਨ, ਮਨੁੱਖੀ ਅਧਿਕਾਰਾਂ ਦੇ ਕਾਰਕੁੰਨ ਸੁਨੀਲ ਕੁਮਾਰ ਸ਼ਰਮਾ, ਇਮਤਿਆਜ਼ ਪੋਪਟ, ਨੌਜਵਾਨ ਵਕੀਲ ਬਲਪ੍ਰੀਤ ਸਿੰਘ ਖਟੜਾ ਅਤੇ ਗਗਨ ਸਿੰਘ ਸਮੇਤ ਕਈ ਬੁਲਾਰਿਆਂ ਨੇ ਗੁਰੂ ਨਾਨਕ ਜਹਾਜ਼ ਦੀ ਮਹੱਤਤਾ ਬਾਰੇ ਵਿਚਾਰ ਦਿੱਤੇ। ਇਸ ਮੌਕੇ 'ਤੇ ਹਾਜ਼ਰ ਸ਼ਖਸੀਅਤਾਂ ਵਿੱਚ ਵਿਸ਼ਵ ਸਿੱਖ ਸੰਸਥਾ ਦੇ ਮੁੱਖ ਸੇਵਾਦਾਰ ਨੌਜਵਾਨ ਦਾਨਿਸ਼ ਸਿੰਘ, ਕਾਮਾਗਾਟਾ ਮਾਰੂ ਹੈਰੀਟੇਜ਼ ਫਾਊਂਡੇਸ਼ਨ ਦੇ ਹਰਭਜਨ ਸਿੰਘ ਗਿੱਲ, ਬਲਦੇਵ ਸਿੰਘ ਬਾਠ, ਡਾਕਟਰ ਪੂਰਨ ਸਿੰਘ ਗਿੱਲ, ਹਰਵਿੰਦਰ ਸਿੰਘ ਤੂਰ, ਅਮਰਜੀਤ ਸਿੰਘ ਧਾਲੀਵਾਲ, ਮਨਮੋਹਨ ਸਿੰਘ ਸਮਰਾ, ਅਵਤਾਰ ਸਿੰਘ ਗਿੱਲ, ਜਗਰੂਪ ਸਿੰਘ ਖੇੜਾ, ਜਤਿੰਦਰ ਪਾਲ ਸਿੰਘ ਗਿੱਲ, ਕੇਸਰ ਸਿੰਘ ਕੂਨਰ, ਕੁਲਵਿੰਦਰ ਸਿੰਘ ਬਾਠ, ਜਗਤਾਰ ਸਿੰਘ ਸੰਧੂ, ਅਰਸ਼ਬੀਰ ਸਿੰਘ ਮਾਨ, ਭਵਖੰਡਨ ਸਿੰਘ ਰੱਖੜਾ ਤੇ ਅਨੇਕਾਂ ਹੋਰ ਸ਼ਾਮਿਲ ਸਨ ਜਦ ਕਿ ਭਾਈ ਮੰਗਲ ਸਿੰਘ ਮਹਿਰਮ ਦੇ ਢਾਡੀ ਜੱਥੇ ਨੇ ਗੁਰੂ ਨਾਨਕ ਜਹਾਜ਼ ਸਬੰਧੀ ਵਾਰਾਂ ਸਰਵਣ ਕਰਾਈਆਂ। ਸਿੱਖ ਰਾਇਡਰਜ਼ ਕੈਨੇਡਾ ਦੇ ਮੋਟਰ ਸਾਈਕਲ ਸਵਾਰਾਂ ਅਤੇ ਭਾਈ ਅਵਤਾਰ ਸਿੰਘ ਢਿੱਲੋ ਨੇ ਸਮਾਗਮ ਵਿੱਚ ਵਿਸ਼ੇਸ਼ ਹਾਜ਼ਰੀ ਲਵਾਈ। ਸਮਾਗਮ ਵਿੱਚ ਭਾਈ ਮੰਗਲ ਸਿੰਘ ਮਹਿਰਮ ਦੇ ਢਾਡੀ ਜੱਥੇ ਨੇ ਵਾਰਾਂ ਸਰਵਣ ਕਰਾਈਆਂ ਅਤੇ ਅਕਾਲ ਅਖਾੜਾ ਗਤਕਾ ਦੇ ਬੱਚਿਆਂ ਨੇ ਗਤਕੇ ਦੇ ਜੌਹਰ ਦਿਖਾਏ। ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਵੱਲੋਂ ਸਮਾਗਮ ਉਲੀਕੇ ਇਸ ਪ੍ਰੋਗਰਾਮ ਵਿਚ ਬੀਸੀ ਖਾਲਸਾ ਦਰਬਾਰ ਵੈਨਕੂਵਰ ਅਤੇ ਵਣਜਾਰਾ ਨੋਮੈਡ ਕਲੈਕਸ਼ਨਜ਼ ਦਾ ਭਰਪੂਰ ਸਹਿਯੋਗ ਲਈ ਸ਼ੁਕਰਾਨਾ ਕੀਤਾ ਗਿਆ। ਸਮੂਹ ਸੰਗਤਾਂ, ਸਹਿਯੋਗੀਆਂ ਅਤੇ ਵਿਸ਼ੇਸ਼ਕਰ ਮੀਡੀਏ ਦਾ ਧੰਨਵਾਦ ਡਾਕਟਰ ਮਾਨ ਅਤੇ ਤਜਿੰਦਰਪਾਲ ਸਿੰਘ ਵੱਲੋਂ ਕੀਤਾ ਗਿਆ। ਕਰੀਬ ਤਿੰਨ ਘੰਟੇ ਚੱਲਿਆ ਇਹ ਪ੍ਰੋਗਰਾਮ ਯਾਦਗਾਰੀ ਹੋਰ ਨਿਬੜਿਆ ਅਤੇ ਪੰਜਾਬੀਆਂ ਤੋਂ ਇਲਾਵਾ, ਵੱਖ-ਵੱਖ ਕੌਮਾਂ ਦੇ ਲੋਕਾਂ ਨੇ ਇਸ ਦਾ ਆਨੰਦ ਮਾਣਿਆ।













# ਪੰਜਾਬੀ ਵਿਰਸੇ ਨਾਲ ਸਬੰਧਤ ਚੀਜਾਂ ਦੀ ਪ੍ਰਦਰਸ਼ਨੀ ਲਾਈ ਜਾਵੇਗੀ







# LIVE CATERING

## ਸੋਨੇ ਅਤੇ ਚਾਂਦੀ ਦੇ ਡਰਾਅ ਕੱਢੇ ਜਾਣਗੇ, Baskets ਦੇ ਡਰਾਅ ਵੀ ਕੱਢੇ ਜਾਣਗੇ

# ਤੁਰ ਗਿਆ ਪੱਤਰਕਾਰੀ ਦਾ ਸਿਰਮੌਰ, ਸਿੱਖੀ ਹੱਕਾਂ ਦਾ ਢੰਡੋਰਾ ਪਿੱਟਣ ਵਾਲਾ ਜੁਝਾਰੂ ਜੋਧਾ ਜਸਪਾਲ ਸਿੰਘ ਹੇਰਾਂ

ਲੁਧਿਆਣਾ:ਭਾਰਤ ਦੇ ਲੋਕਤੰਤਰੀ ਢਾਂਚੇ ਵਿੱਚ ਮੀਡੀਆ ਨੂੰ ਸਹੀ ਅਰਥਾਂ ਵਿੱਚ ਚੌਥਾ ਥੰਮ ਦਰਸਾਉਣ ਵਾਲਾ ਪੰਜਾਬੀ ਮੀਡੀਆ ਦੀ ਪੱਤਰਕਾਰੀ ਦਾ ਸਿਰਮੌਰ ਪੱਤਰਕਾਰ ਪਹਿਰੇਦਾਰ ਗਰੁੱਪ ਦੇ ਮੁੱਖ ਸੰਪਾਦਕ ਜਸਪਾਲ ਸਿੰਘ ਹੇਰਾਂ 18 ਜੁਲਾਈ ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਪਿੰਡ ਹੇਰਾ ਜਿਲਾ ਲੁਧਿਆਣਾ ਵਿੱਚ ਜਨਮ ਲੈ ਕੇ ਸਰਕਾਰੀ ਕਾਲਜ ਲੁਧਿਆਣਾ ਤੋਂ ਐਮ ਏ ਦੀ ਡਿਗਰੀ ਪ੍ਰਾਪਤ ਕਰਕੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਤੋਂ ਜ਼ਿੰਦਗੀ ਦਾ ਵੱਡਾ ਅਨੁਭਵ ਲੈ ਕੇ 67 ਸਾਲ ਦੀ ਉਮਰ ਵਿੱਚ ਇਸ ਫਾਨੀ ਸੰਸਾਰ ਨੂੰ ਆਖਰੀ ਫਤਿਹ ਬੁਲਾਈ। ਸਿੱਖ ਕੌਮ ਦੀ ਕਾਮਯਾਬੀ ਲਈ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਨੂੰ ਲੱਖਾਂ ਸਲਾਹਾਂ ਦੇਣ ਵਾਲਿਆਂ ਵਿੱਚੋਂ ਸਰਦਾਰ ਜਸਪਾਲ ਸਿੰਘ ਨੇ ਇੱਕੋ ਸਲਾਹ ਦਿੱਤੀ ਸੀ ਕਿ ਸਿੱਖ ਕੌਮ ਦਾ ਆਪਣਾ ਮੀਡੀਆ ਜਾਂ ਆਪਣਾ ਇੱਕ ਅਖਬਾਰ ਹੋਣਾ ਚਾਹੀਦਾ ਹੈ ਜਿਸ ਨੂੰ ਸੁਣ ਕੇ ਇਹ ਜਿੰਮੇਵਾਰੀ ਦਲਵੀਰ ਸਿੰਘ ਗੜਾ, ਅਤੇ ਜਸਪਾਲ ਸਿੰਘ ਹੇਰਾਂ ਦੀ ਲਾਈ ਸੀ ਕਿ ਤੁਸੀਂ ਇਹ ਜਿੰਮੇਵਾਰੀ ਨੂੰ ਸੰਭਾਲੋ , ਸੰਤਾਂ ਦੇ ਬਚਨਾਂ ਨੂੰ ਉਹਨਾਂ ਨੇ ਬਾਖੂਬੀ ਨਿਭਾਇਆ। ਮੇਰੀ ਸਰਦਾਰ ਜਸਪਾਲ ਸਿੰਘ ਹੇਰਾਂ ਨਾਲ ਦੋਸਤੀ ਅਤੇ ਪੱਤਰਕਾਰੀ ਦੀ ਸਾਂਝ ਸਾਲ 1998 ਵਿੱਚ ਇਹ ਜਦੋਂ ਉਹ ਅਜੀਤ ਅਖਬਾਰ ਦੇ ਵਿੱਚ ਕਸਬਾ ਸੁਧਾਰ ਤੋਂ ਪੱਤਰਕਾਰੀ ਕਰਦੇ ਸਨ । ਮੈਂ ਲੁਧਿਆਣਾ ਤੋਂ ਅਜੀਤ ਦਾ ਖੇਡ ਪੱਤਰਕਾਰ ਸੀ। ਫਿਰ ਥੋੜੇ ਸਮੇਂ ਬਾਅਦ ਉਹਨਾਂ ਨੇ ਲੁਧਿਆਣਾ ਵਿਖੇ ਅਜੀਤ ਅਖਬਾਰ ਦੀ ਵਾਗਡੋਰ ਸੰਭਾਲੀ , ਆਪਣੀ ਨਿਰਪੱਖ ਪੱਤਰਕਾਰੀ ਨਾਲ ਉਹਨਾਂ ਨੇ "ਅਜੀਤ " ਦੇ ਮੁਕਾਮ ਨੂੰ ਸਿਖਰਾਂ ਤੇ ਪਹੁੰਚਾਇਆ, ਭਾਰਤ ਪਾਕਿਸਤਾਨ ਕਾਰਗਿਲ ਯੁੱਧ ਦੇ ਅਜੀਤ ਅਖਬਾਰ ਦੇ ਸ਼ਹੀਦ ਫੰਡ 1999 ਵਿੱਚ ਪੰਜਾਬ ਭਰ ਵਿੱਚ ਸਭ ਤੋਂ ਵੱਡਾ ਮਾਇਆ ਪੱਖੋ ਯੋਗਦਾਨ ਜਸਪਾਲ ਸਿੰਘ ਹੇਰਾ ਸਾਹਿਬ ਨੇ ਪਾਇਆ ਪਰ ਕੁਝ ਪੱਤਰਕਾਰਾਂ ਦੀ ਚਾਪਲੂਸੀ ਅਤੇ ਚਮਚਾਗਿਰੀ ਕਾਰਨ ਉਹਨਾਂ ਨੂੰ ਉੱਥੇ ਮਾਲਕਾਂ ਦੀ ਨਾ ਸਮਝੀ ਕਾਰਨ ਜਲਾਲਤ ਵੀ ਝਲਣੀ ਪਈ , ਉਸ ਵਕਤ ਉਹ ਆਤਮ ਹੱਤਿਆ ਬਾਰੇ ਸੋਚਣ ਲੱਗੇ ਪਰ ਆਪਣੇ ਇਰਾਦੇ ਦ੍ਰਿੜ ਕਰਕੇ ਉਹ ਹਮੇਸ਼ਾ ਅਡੋਲ ਰਹੇ ਅਤੇ ਉਹਨਾਂ ਨੇ ਹਰ ਵਕਤ ਸੱਚ ਤੇ ਪਹਿਰਾ ਦਿੱਤਾ। ਉਹਨਾਂ ਨੇ ਪੱਤਰਕਾਰੀ ਵਿੱਚ ਵੱਡੀ ਘਾਲਣਾ ਘਾਲੀ ਅਤੇ ਇੱਕ ਪੱਤਰਕਾਰ ਤੋਂ ਉੱਠ ਕੇ ਅਖਬਾਰ ਦੇ ਬਰਾਬਰ ਪੰਜਾਬੀ ਮੀਡੀਏ ਦਾ ਸਾਮਰਾਜ ਸਿੱਖ ਕੌਮ ਦੀ ਨੁਮਾਇੰਦਗੀ ਕਰਨ ਵਾਲਾ ਅਖਬਾਰ "ਪਹਿਰੇਦਾਰ" ਆਪਣੀ ਸਮਰਪਿਤ ਭਾਵਨਾ ਨਾਲ ਸਿਰਜਿਆ। ਇਹ ਉਹਨਾਂ ਤੇ ਕੁਦਰਤ ਦੀ ਰਹਿਮਤ ਸੀ ਕਿ ਉਹਨਾਂ ਨੇ ਇਕ ਫੈਕਟਰੀ ਤੋਂ ਨੌਕਰੀ ਛੱਡ ਕੇ ਦੂਸਰੀ ਫੈਕਟਰੀ ਵਿਚ ਨੌਕਰੀ ਨਹੀਂ ਕੀਤੀ, ਸਗੋਂ ਬਰਾਬਰ ਦੀ ਇਕ ਧਿਰ ਸਥਾਪਿਤ ਕੀਤੀ। ਜੋ ਪੰਜਾਬੀ ਮੀਡੀਆ ਦੇ ਇਤਿਹਾਸ ਵਿੱਚ ਇੱਕ ਇਤਿਹਾਸਿਕ ਘਟਨਾ ਵਜੋਂ ਹਮੇਸ਼ਾ ਜਾਣੀ ਜਾਵੇਗੀ । ਪਹਿਲਾ ਹਫਤਾਵਰੀ ਪਹਿਰੇਦਾਰ ਅਖਬਾਰ ਫੇਰ ਪੂਰੀ ਦੁਨੀਆਂ ਵਿੱਚ ਸਿੱਖ ਕੌਮ ਦੀ ਨੁਮਾਇੰਦਗੀ ਕਰਨ ਵਾਲਾ ਹਰ ਰੋਜ਼ ਛਪਣ ਵਾਲਾ ਅਖਬਾਰ " ਪਹਿਰੇਦਾਰ ਗਰੁੱਪ" ਦੇ ਰੂਪ ਵਿਚ ਛਾਪਿਆ। ਪਹਿਰੇਦਾਰ ਅਖਬਾਰ ਪ੍ਰਤੀ ਉਹਨਾਂ ਦੀ ਅਣਥੱਕ ਘਾਲਣਾ ਨੇ ਹੀ ਉਹਨਾਂ ਨੂੰ ਜਿਉਂਦੇ ਜੀਅ ਅਮਰ ਕਰ ਦਿੱਤਾ ਸੀ।

ਮੈਂ ਦੁਨੀਆ ਚ ਬਹੁਤ ਸਾਰੇ ਪੱਤਰਕਾਰ ਦੇਖੇ ਹਨ ,ਬਹੁਤਿਆਂ ਨੂੰ ਮਿਲੇ ਵੀ ਹਾਂ ਪਰ ਜੋ ਵਿਲੱਖਣਤਾ ਸਰਦਾਰ ਜਸਪਾਲ ਸਿੰਘ ਹੇਰਾਂ ਹੋਰਾਂ ਵਿੱਚ ਸੀ ਉਹ ਕਿਸੇ ਹੋਰ ਚ ਅੱਜ ਤੱਕ ਨਹੀਂ ਦੇਖੀ ਹੈ। ਮੈਂ ਉਹਨਾਂ ਦੇ ਨਾਲ ਲੰਬਾ ਸਮਾਂ ਅਜੀਤ ਅਖਬਾਰ ਦੇ ਵਿੱਚ ਵੀ ਕੰਮ ਕੀਤਾ ਅਤੇ ਫਿਰ ਪਹਿਰੇਦਾਰ ਅਖਬਾਰ ਦੇ ਵਿੱਚ ਵੀ "ਖੇਡ ਮੈਦਾਨ ਬੋਲਦਾ ਹੈ "ਪੇਜ ਸਥਾਪਿਤ ਕਰਕੇ ਖਿਡਾਰੀਆਂ ਅਤੇ ਪੰਜਾਬ ਦੀਆਂ ਖੇਡਾਂ ਦੀ ਗੱਲ ਕੀਤੀ। ਸਾਲ 2018 ਵਿੱਚ ਅਸੀਂ ਦੋਨਾਂ ਨੇ ਬੈਲਜੀਅਮ ਫਰਾਂਸ, ਜਰਮਨੀ, ਹਾਲੈਂਡ ਦਾ ਵਿਦੇਸੀ ਦੌਰਾ ਵੀ ਕੀਤਾ। ਆਸਟਰੇਲੀਆ ਤੇ ਅਮਰੀਕਾ ਜਾਣ ਦੀ ਅਜੇ ਵਿਚਾਰ ਸੀ ਪਰ ਇਹ ਹੁਣ ਸਭ ਯਾਦਾਂ ਬਣ ਕੇ ਹੀ ਰਹਿ ਗਿਆ ਹੈ।

ਸਰਦਾਰ ਜਸਪਾਲ ਸਿੰਘ ਹੇਰਾਂ ਦੀ ਵੱਡੀ ਵਿਲੱਖਣਤਾਂ ਇਹ ਸੀ ਕਿ ਉਹ ਕਦੇ ਵੀ ਅਕਾਲੀ ਜਾਂ ਕਾਂਗਰਸੀ ਹਕੂਮਤ ਦੇ ਕਹਿਰ ਅੱਗੇ ਝੁਕੇ ਨਹੀਂ, ਲਿਪੇ ਨਹੀ, ਗੋਡੇ ਨਹੀਂ ਟੇਕੇ, ਲੱਖ ਵਿਤੀ ਲਾਲਚਾ ਅਤੇ ਧਮਕੀਆਂ ਦੀ ਉਹਨਾਂ ਨੇ ਕਦੇ ਪਰਵਾਹ ਨਹੀਂ ਕੀਤੀ , ਉਹਨਾਂ ਨੇ ਆਪਣੀ ਕਲਮ ਰਾਹੀਂ ਹਮੇਸ਼ਾ ਹੀ ਕੌਮ ਨੂੰ ਰਾਜਨੀਤਿਕ ਹਨੇਰੇ ਦੀ ਦਲਦਲ ਵਿੱਚ ਕੱਢਣ ਦੀ ਕੋਸ਼ਿਸ਼ ਕੀਤੀ ਹੈ।



ਸਿੱਖ ਇਤਿਹਾਸ ਅਤੇ ਸਿੱਖ ਵਿਰਾਸਤ ਤੋਂ ਹਮੇਸ਼ਾ ਜਾਣੂ ਕਰਵਾਇਆ ਹੈ। ਉਹ ਸਦੀਆਂ ਬਾਅਦ ਪੈਦਾ ਹੋਣ ਵਾਲੀ ਇੱਕ ਕਲਮ ਸੀ , ਪਰ ਅੱਜ ਉਹ ਕਾਲਮ ਅਚਨਚੇਤ ਸਦਾ ਲਈ ਖਮੋਸ਼ ਹੋ ਗਈ ਹੈ। ਸਿੱਖ ਕੌਮ ਪ੍ਰਤੀ ਦਰਦ ਰੱਖਣ ਵਾਲਿਆਂ ਵਿੱਚ ਉਹ ਸਨਾਟਾ ਹੈ , ਜੋ ਇਕ ਮਹਾਨ ਯੋਧੇ ਦੀ ਮੌਤ ਤੋਂ ਬਾਅਦ ਪੈਦਾ ਹੁੰਦਾ ਹੈ। ਉਹਨਾਂ ਦੀ ਘਾਟ ਕਦੇ ਵੀ ਨਹੀਂ ਪੂਰੀ ਹੋਵੇਗੀ ਪਰ ਉਹਨਾਂ ਦੀ ਸੋਚ ਹਮੇਸ਼ਾ ਜ਼ਿੰਦਾ ਰਹੇਗੀ। ਹੁਣ ਸਵ: ਸਰਦਾਰ ਜਸਪਾਲ ਸਿੰਘ ਹੇਰਾਂ ਹੋਰਾਂ ਦਾ ਸੰਸਕਾਰ ਹੋਵੇਗਾ ਅਤੇ ਸੰਗੀ ,ਸਾਥੀਆਂ ,ਦੋਸਤਾਂ ਮਿੱਤਰਾਂ ਅਤੇ ਹੋਰ ਰਿਸ਼ਤੇਦਾਰਾਂ ਵਿੱਚ ਇੱਕ ਸੋਗ ਦੀ ਲਹਿਰ ਪੈਦਾ ਹੋਵੇਗੀ। ਫਿਰ ਕੁਝ ਦਿਨਾਂ ਬਾਅਦ 27 ਜੁਲਾਈ ਨੂੰ ਅੰਤਿਮ ਅਰਦਾਸ ਹੋਵੇਗੀ , ਉਥੇ ਵੱਡੀਆਂ ਵੱਡੀਆਂ ਗੱਲਾਂ ਅਤੇ ਉਹਨਾਂ ਦੀ ਯਾਦ ਨੂੰ ਸੰਭਾਲਣ ਦੇ ਵੱਡੇ ਵੱਡੇ ਦਾਅਵੇ ਹੋਣਗੇ। ਫਿਰ ਇੱਕ ਚੁੱਪ ਬਿਸਰੇਗੀ ਉਸ ਤੋਂ ਬਾਅਦ ਸਭ ਖਾਮੋਸ਼ ਹੋਵੇਗਾ । ਹੋਣਾ ਕੁਝ ਵੀ ਨਹੀਂ, ਬੱਸ ਕੀਤੇ ਐਲਾਨ, ਐਲਾਨ ਹੀ ਰਹਿ ਜਾਣਗੇ, ਹੁਣ ਪਹਿਰੇਦਾਰ ਅਖਬਾਰ ਦੇ ਮਾਲਕਾਂ ਦੇ ਜਾਂ ਪਹਿਰੇਦਾਰ ਅਖਬਾਰ ਨੂੰ ਚਾਹੁਣ ਵਾਲਿਆਂ ਦੇ ਹੱਥ ਵਾਗਡੋਰ, ਅਤੇ ਜਿੰਮੇਵਾਰੀ ਹੋਵੇਗੀ ਕਿ ਉਹਨਾਂ ਨੇ ਸਰਦਾਰ ਜਸਪਾਲ ਸਿੰਘ ਹੇਰਾਂ ਦੀ ਯਾਦ ਨੂੰ ਜਿੰਦਾ ਕਿਵੇਂ ਰੱਖਣਾ ਹੈ? ਉਸ ਦੀ ਸੋਚ ਨੂੰ ਅੱਗੇ ਕਿਵੇਂ ਤੋਰਨਾ ਹੈ ?

ਇਹ ਸਮਾਂ ਹੀ ਦੱਸੇਗਾ ਸਿੱਖ ਕੌਮ ਦੇ ਹੱਕਾਂ ਦੀ ਘਾਲਣਾ ਘਾਲਣ ਵਾਲੇ ਯੋਧੇ ਦੀ ਸੋਚ ਨੂੰ ਕੌਣ ਅੱਗੇ ਤੋਰਦਾ ਹੈ, ਵਾਹਿਗੁਰੂ ਸਾਨੂੰ ਸਾਰਿਆਂ ਨੂੰ ਸੁਮੱਤ ਬਖਸ਼ੇ,ਬਾਕੀ ਰੱਬ ਰਾਖਾ!

**-ਜਗਰੂਪ ਸਿੰਘ ਜਰਖੜ ਖੇਡ ਲੇਖਕ, ਸਾਥੀ ਜਸਪਾਲ ਸਿੰਘ ਹੇਰਾ ਸਾਹਿਬ 9814300722**

# ਸਾਡੇ ਕਿਸਾਨ ਬੇਇਨਸਾਫ਼ੀ ਦੇ ਨਹੀਂ ਸਨਮਾਨ ਦੇ ਹੱਕਦਾਰ:ਸੰਧਵਾਂ

ਚੰਡੀਗੜ੍ਹ:-ਸ਼ੰਭੂ ਬਾਰਡਰ 'ਤੇ ਕਿਸਾਨਾਂ ਨੂੰ ਰੋਕਣ ਵਾਸਤੇ ਹਰਿਆਣਾ ਦੇ ਪੁਲਿਸ ਅਧਿਕਾਰੀਆਂ ਵੱਲੋਂ ਨਿਭਾਈ ਗਈ ਭੂਮਿਕਾ ਲਈ ਉਨ੍ਹਾਂ ਨੂੰ ਬਹਾਦਰੀ ਦੇ ਪੁਰਸਕਾਰਾਂ ਦੀ ਸਿਫ਼ਾਰਸ਼ 'ਤੇ ਸਖ਼ਤ ਇਤਰਾਜ਼ ਜਤਾਉਂਦਿਆਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਪ੍ਰਧਾਨ ਮੰਤਰੀ ਨੂੰ ਕਿਸਾਨਾਂ ਨੂੰ ਸ਼ੰਭੂ ਸਰਹੱਦ 'ਤੇ ਅੱਗੇ ਵਧਣ ਤੋਂ ਰੋਕਣ ਵਿਚ ਸ਼ਾਮਲ ਪੁਲਿਸ ਅਧਿਕਾਰੀਆਂ ਵਾਸਤੇ ਬਹਾਦਰੀ ਦੇ ਪੁਰਸਕਾਰਾਂ ਦੀ ਸਿਫ਼ਾਰਸ਼ ਸਬੰਧੀ ਫ਼ੈਸਲੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ। ਪ੍ਰਧਾਨ ਮੰਤਰੀ ਮੋਦੀ ਨੂੰ ਲਿਖੇ ਆਪਣੇ ਪੱਤਰ ਵਿੱਚ ਸੰਧਵਾਂ ਨੇ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਦਾ ਸਮਰਥਨ ਕਰਦਿਆਂ, ਮੈਂ ਹਰਿਆਣਾ ਦੇ ਡਾਇਰੈਕਟਰ ਜਨਰਲ ਆਫ਼ ਪੁਲਿਸ ਵੱਲੋਂ ਹਾਲ ਹੀ ਵਿੱਚ ਸ਼ੰਭੂ ਬਾਰਡਰ 'ਤੇ ਕਿਸਾਨਾਂ ਦੇ ਮਾਰਚ ਨੂੰ ਰੋਕਣ ਵਿੱਚ ਸ਼ਾਮਲ ਛੇ ਪੁਲਿਸ ਅਧਿਕਾਰੀਆਂ/ ਕਰਮਚਾਰੀਆਂ ਨੂੰ ਬਹਾਦਰੀ ਦੇ ਪੁਰਸਕਾਰ ਦੇਣ ਦੀ ਸਿਫ਼ਾਰਸ਼ 'ਤੇ ਡੂੰਘੀ ਚਿੰਤਾ ਅਤੇ ਇਸ ਫੈਸਲੇ ਦੀ ਸਖ਼ਤ ਨਿੰਦਾ ਕਰਦਾ ਹਾਂ।


NOW OPEN

HARYANA SWEETS & CATERING LTD.

ਮਠਿਆਈਆਂ ਅਤੇ ਸੁਆਦੀ ਵੈਜੀ ਖਾਣੇ

ਸਪੈਸ਼ਲ ਛੋਲੇ ਭਟੂਰੇ $7.99 PP

ਦੇਸੀ ਸਟਾਈਲ ਲੱਡੂ $4.50 1lb

ਪਨੀਰ ਪਕੌੜੇ $7.99 Lb

| ਸਪੈਸ਼ਲ ਭਾਜੀ $5.50 Lb | $5.50 Lb | $6.50 Lb | $8.00 Lb |
|---|---|---|---|
| ਲੱਡੂ, ਸ਼ੱਕਰਪਾਰੇ<br>ਗੁਲਗੁਲੇ, ਮੱਠੀਆਂ<br>ਲੂਣ ਵਾਲੀ ਸੀਰਨੀ<br>ਮਿੱਠੀ ਸੀਰਨੀ | ਭੁਜੀਆ<br>ਮਟਰੀ<br>ਮੱਠੀ<br>ਵੈਜੀ ਪਕੌੜੇ | ਬੇਸਣ ਦੇ ਲੱਡੂ<br>ਬਾਲੂਸ਼ਾਹੀ<br>ਗੁਲਾਬ ਜਾਮਣ | ਅਲਸੀ ਪਿੰਨੀ<br>ਪੰਜੀਰੀ ਪਿੰਨੀ<br>ਮੂੰਗ ਦਾਲ ਪਿੰਨੀ |

ਰਸਗੁੱਲੇ $6.99 Lb

ਆਲੂ ਟਿੱਕੀ 75 Cent EA

ਸਮੋਸਾ 99 Cent EA

ਵੈਜੀ ਪਕੌੜੇ $5.50 1lb

ਗੁਰੂਘਰ ਅਤੇ ਅਖੰਡਪਾਠ ਕੇਟਰਿੰਗ ਲਈ ਸਪੈਸ਼ਲ ਰੇਟ ਉਪਲਬਧ ਹਨ

ਅਸੀਂ ਹਰੇਕ ਮੌਕੇ ਲਈ ਕੇਟਰਿੰਗ ਕਰਦੇ ਹਾਂ

604-574-7373, 604-837-5241

ਹਫਤੇ ਦੇ ਸੱਤੇ ਦਿਨ ਖੁੱਲ੍ਹਦੇ ਹਾਂ: 9am to 7pm

#400-14770-64Ave . Surrey

# ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰੁ॥

'ਸਚਹੁ ਓਰੈ ਸਭ ਕੋ ਊਪਰ ਸਚੁ ਆਚਾਰ॥ ' ਗੁਰਬਾਣੀ ਵਿੱਚ ਇਹ ਸੱਚਾਈ ਬਿਆਨ ਕੀਤੀ ਗਈ ਹੈ ਕਿ ਸੱਚਾ ਆਚਰਨ ਸੱਚ ਤੋਂ ਵੀ ਉੱਪਰ ਹੁੰਦਾ ਹੈ। ਹਰ ਇਨਸਾਨ ਸਮਾਜ ਵਿੱਚ ਉਸਦੇ ਆਚਰਨ ਤੋਂ ਜਾਣਿਆ ਜਾਂਦਾ ਹੈ। ਸੰਸਾਰ ਵਿੱਚ ਉਸ ਇਨਸਾਨ ਦੀ ਮਹਿਮਾ ਹੁੰਦੀ ਹੈ, ਜਿਸ ਦਾ ਆਚਰਣ ਉੱਚਾ ਹੁੰਦਾ ਹੈ। ਆਚਰਣਹੀਨ ਮਨੁੱਖ ਨੂੰ ਸਮਾਜ ਵਿੱਚ ਤ੍ਰਿਸਕਾਰਿਆ ਜਾਂਦਾ ਹੈ। ਕਿਸੇ ਇਨਸਾਨ ਦੀ ਸੱਚਾਈ ਜਾਂ ਚੰਗਿਆਈ ਨੂੰ ਉਸਦੇ ਉੱਚੇ ਆਚਾਰ ਭਾਵ ਆਚਰਣ ਤੋਂ ਹੀ ਜਾਣਿਆ ਜਾਂਦਾ ਹੈ। ਸਦਾਚਾਰੀ ਹੋਣਾ, ਇਮਾਨਦਾਰ ਹੋਣਾ, ਸੱਚ ਦੇ ਰਸਤੇ ਤੇ ਤੁਰਨਾ, ਸੱਚ ਬੋਲਣਾ, ਨਿਮਰ ਹੋਣਾ, ਹਉਮੈ ਰਹਿਤ ਮਨੁੱਖੀ ਸਮਾਨਤਾ ਭਰਿਆ ਵਿਵਹਾਰ ਰੱਖਣਾ ਉੱਚੇ ਆਚਰਨ ਦੀਆਂ ਨਿਸ਼ਾਨੀਆਂ ਹਨ। ਗੁਰੂ ਸਾਹਿਬਾਨ ਨੇ ਵੀ ਸਾਨੂੰ ਸਤੁ ਸੰਤੋਖ ਵਿਚਾਰ ਨੂੰ ਧਾਰਨ ਕਰਨ ਨੂੰ ਫ਼ਰਮਾਇਆ ਹੈ। ਝੂਠ ਬੋਲਣਾ ਵਾਲ਼ੇ ਬੰਦੇ ਦਾ ਕੋਈ ਯਕੀਨ ਨਹੀਂ ਕਰਦਾ। ਦੁਰਾਚਾਰੀ ਇਨਸਾਨ ਤੋਂ ਹਰ ਸਾਊ ਮਨੁੱਖ ਦੂਰ ਭੱਜਦਾ ਹੈ। ਹੰਕਾਰੀ ਮਨੁੱਖ ਕਿਸੇ ਨੂੰ ਚੰਗਾ ਨਹੀਂ ਲੱਗਦਾ। ਸੰਸਾਰ ਨਿਮਰ, ਮਿਲਣਸਾਰ, ਦੂਸਰਿਆਂ ਪ੍ਰਤੀ ਸੰਵੇਦਨਸ਼ੀਲ, ਦੂਸਰਿਆਂ ਲਈ ਆਪਾ ਵਾਰਨ ਵਾਲ਼ੇ ਸੂਰਬੀਰ ਮਨੁੱਖਾਂ ਦੇ ਮਗਰ ਹੀ ਤੁਰਦਾ ਹੈ। ਸਾਡੇ ਸਮਾਜ ਵਿੱਚ ਵੀ ਇਹ ਮਾਨਤਾ ਹੈ ਕਿ ਦਾਤਾ ਤੇ ਭਗਤ,ਸੂਰਮਾ ਤਿੰਨੇ ਜੱਗ ਜਿਉਂਦੇ ਨੇ। ਚੋਰ, ਯਾਰ, ਠੱਗ, ਸ਼ਰਾਬੀ, ਕਬਾਬੀ, ਜੂਏਬਾਜ਼, ਬੇਈਮਾਨ, ਲਾਲਚੀ , ਝੂਠੇ ਇਨਸਾਨ ਸਦਾ ਸੰਸਾਰ ਦੀ ਨਫ਼ਰਤ ਦੇ ਪਾਤਰ ਬਣਦੇ ਹਨ। ਉੱਚੇ ਆਚਰਨ ਵਾਲ਼ੇ ਲੋਕ ਸਮਾਜ ਵਿੱਚ ਨੈਤਿਕ ਕਦਰਾਂ, ਕੀਮਤਾਂ ਰੂਪੀ ਮੀਲ ਪੱਥਰ ਕਾਇਮ ਕਰਦੇ ਹਨ ਅਤੇ ਸਮਾਜ ਦੇ ਚਾਨਣ ਮੁਨਾਰੇ ਬਣ ਜਾਂਦੇ ਹਨ। ਇਤਹਾਸ ਵਿੱਚ ਉਹਨਾਂ ਨੂੰ ਸਦਾ ਸੁਨਹਿਰੀ ਅੱਖਰਾਂ ਵਿੱਚ ਯਾਦ ਕੀਤਾ ਜਾਂਦਾ ਹੈ। ਅਸੀਂ ਅੱਜ ਸਾਡੇ ਗੁਰੂ ਸਾਹਿਬਾਨ, ਪੀਰਾਂ, ਫ਼ਕੀਰਾਂ, ਸ਼ਹੀਦਾਂ, ਦੇਸ਼ ਭਗਤਾਂ ਦੇ ਜਨਮ ਦਿਹਾੜੇ ਬੜੀ ਸ਼ਰਧਾ ਨਾਲ਼ ਮਨਾਉਂਦੇ ਹਾਂ। ਚੰਗੀਆਂ ਨੈਤਿਕ ਕਦਰਾਂ-ਕੀਮਤਾਂ ਉਹਨਾਂ ਅਡਿੱਗ ਪੱਥਰ ਦੇ ਮਹਿਲਾਂ ਵਰਗੀਆਂ ਹੁੰਦੀਆਂ ਹਨ, ਜੋ ਮੀਂਹ , ਨ੍ਹੇਰੀਆਂ, ਤੂਫਾਨਾਂ , ਝੱਖੜਾਂ ਵਿੱਚ ਵੀ ਨਹੀਂ ਗਿਰਦੇ। ਜੋ ਸਮਾਜ ਜਾਂ ਰਾਜ ਨੈਤਿਕ ਕਦਰਾਂ - ਕੀਮਤਾਂ ਤੋਂ ਗਿਰ ਜਾਂਦਾ ਹੈ, ਉਹ ਸਦਾ ਲਈ ਨਸ਼ਟ ਹੋ ਜਾਂਦਾ ਹੈ। ਜਿਸ ਰਾਜ ਦੇ ਅਧਿਕਾਰੀ, ਕਰਮਚਾਰੀ ਭ੍ਰਿਸ਼ਟ, ਦੁਰਾਚਾਰੀ, ਨਿਰੰਕੁਸ਼ ਹੋ ਜਾਂਦੇ ਹਨ , ਉਹ ਸਦਾ ਲਈ ਨਸ਼ਟ ਹੋ ਜਾਂਦਾ ਹੈ। ਰਾਜਤੰਤਰ ਹੋਵੇ ਭਾਵੇਂ ਲੋਕਤੰਤਰ ਜਨਤਾ ਇੱਕ ਦਿਨ ਸ੍ਰੇਸ਼ਟ ਲੋਕਾਂ ਦੇ ਸਿਰ ਤੇ ਤਾਜ਼ ਰੱਖ ਦਿੰਦੀ ਹੈ। ਅੰਧਕਾਰ ਭਾਵੇਂ ਕਿੰਨਾ ਵੀ ਭਿਆਨਕ ਹੋਵੇ, ਪਰ ਆਖ਼ਰ ਵਿੱਚ ਸੂਰਜ ਚੜ੍ਹਨਸਾਰ ਉਹ ਕਿਧਰੇ ਵੀ ਨਜ਼ਰ ਨਹੀਂ ਆਉਂਦਾ। ਇਤਹਾਸ ਗਵਾਹ ਹੈ ਕਿ ਬਦੀ ਸਦਾ ਨੇਕੀ ਹੱਥੋਂ ਹਾਰਦੀ ਆਈ ਹੈ। ਇਸੇ ਤਰਾਂ ਸੱਚ ਇੱਕ ਦਿਨ ਉਜਾਗਰ ਹੋਕੇ ਝੂਠ ਨੂੰ ਖ਼ਤਮ ਕਰ ਦਿੰਦਾ ਹੈ। ਪਰ ਸੱਚ ਜਿਸ ਰੱਥ ਤੇ ਸਵਾਰ ਹੋ ਕੇ ਆਉਂਦਾ ਹੈ ਸਾਡੇ ਚੰਗੇ ਆਚਰਨ ਰੂਪੀ ਗੁਣ ਇਮਾਨਦਾਰੀ, ਸਦਾਚਾਰ, ਸੱਚਾਈ, ਨਿਮਰਤਾ, ਸਪਸ਼ਟਤਾ, ਪ੍ਰੇਮ, ਸ਼ਰਧਾ, ਵਿਸ਼ਵਾਸ, ਨੇਕੀ, ਸੰਤੋਖ ਆਦਿ ਉਸ ਰੱਥ ਦੇ ਘੋੜੇ ਹੁੰਦੇ ਹਨ। ਨੇਕ ਪੁਰਸ਼ ਸਦਾ ਸੰਸਾਰ ਵਿੱਚ ਜਸ ਖੱਟਦੇ ਹਨ । ਇਸ ਲਈ ਮੇਰਾ ਤੁਹਾਨੂੰ ਇਹ ਕਹਿਣਾ ਹੈ ਕਿ ਸਾਨੂੰ ਸਦਾ ਨੇਕੀ ਦੇ ਰਸਤੇ ਤੇ ਤੁਰਨਾ ਚਾਹੀਦਾ ਹੈ। ਨੇਕ ਪੁਰਸ਼ਾਂ ਦਾ ਹੀ ਸੰਗ - ਸਾਥ ਕਰਨਾ ਚਾਹੀਦਾ ਹੈ ਅਤੇ ਬਦੀ ਤੋਂ ਦੂਰ ਰਹਿਣਾ ਚਾਹੀਦਾ ਹੈ ਤਾਂ ਕਿ ਅਸੀਂ ਸਾਡੀ ਧਰਤੀ ਨੂੰ ਸਵਰਗ ਬਣਾ ਸਕੀਏ ਅਤੇ ਗ਼ਮ ਰਹਿਤ ਹੋਕੇ ਭਗਤ ਰਵਿਦਾਸ ਜੀ ਦੇ ਬੇਗਮਪੁਰੇ ਦੇ ਵਾਸੀ ਬਣ ਸਕੀਏ।

**- ਗੁਰਜਿੰਦਰ ਸਿੰਘ ਰਸੀਆ ਧਨੌਲਾ (ਬਰਨਾ਼ਲਾ)**


GARCHA Plumbing Heating & Repair Ltd.
15 Yrs Experience
ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber
ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ
Amarjit Singh Garcha
604-306-3276
Big Or Small, We Do It All

Punjab TRAVELS
Special offer!
ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।





ਜੀਵਨ ਸਿੰਘ ਮੋਗਾ
- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ
Ph : 604-825-3075, 604-744-4400
2642 Cedar Park Abbotsford, British Columbia V2T 3S5


SekCheck FINGERPRINTING SERVICES
*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver
Ph:604-628-4446, 778-536-1188
#255-13711-72Ave Surrey, BC

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ
www.singhsabhasurrey.com
8115, 132 ਸਟਰੀਟ, ਸਰੀ, ਬੀ.ਸੀ. V3W 4N5

ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ
ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ
ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ: ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

ਇਸ ਹਫਤੇ ਗੁਰਦਵਾਰਾ ਸਾਹਿਬ ਵਿਖੇ ਮੀਰੀ ਪੀਰੀ ਦਿਵਸ ਅਤੇ ਪ੍ਰਕਾਸ਼ ਦਿਹਾੜਾ ਗੁਰੂ ਹਰਕ੍ਰਿਸ਼ਨ ਜੀ ਦਾ ਮ ਮਨਾਇਆ ਜਾਵੇਗਾ ਅਤੇ 2 ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ:
1. ਨਗਰ ਨਡਾਲਾ ਜ਼ਿਲ੍ਹਾ ਕਪੂਰਥਲਾ ਦੀ ਸੰਗਤ ਵੱਲੋਂ 2. ਭਾਈ ਪਰਮਜੀਤ ਸਿੰਘ ਪਰਿਵਾਰ ਵੱਲੋਂ
ਅਖੰਡਪਾਠ ਸਾਹਿਬ ਦੀ ਆਰੰਭਤਾ 26 ਜੁਲਾਈ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਹੋਵੇਗੀ ਅਤੇ ਭੋਗ 28 ਜੁਲਾਈ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ, ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।


*26 ਜੁਲਾਈ ਦਿਨ ਸ਼ੁੱਕਰਵਾਰ ਸਵੇਰੇ ਬੱਚੀ ਕੋਮਲਜੀਤ ਕੌਰ ਸੰਘਾ ਅਤੇ ਕਾਕਾ ਇੰਦਰਜੀਤ ਸਿੰਘ ਬੜੈਚ ਦਾ ਅਨੰਦਕਾਰਜ ਹੋਵੇਗਾ।
*27 ਜੁਲਾਈ ਦਿਨ ਸ਼ਨਿਚਰਵਾਰ ਨੂੰ ਸਵ. ਗੁਰਮੇਲ ਸਿੰਘ ਬਰਾੜ ਦਾ ਸ਼ਾਮ 3 ਵਜੇ ਰਿਵਰਸਾਈਡ ਫਿਊਨਰਲ ਹੋਮ ਵਿਖੇ ਅੰਤਮ ਸਸਕਾਰ ਹੋਵੇਗਾ, ਉਪਰੰਤ ਗੁਰੂਘਰ ਰਖਾਏ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਦੁਪਹਿਰ 4.30 ਵਜੇ ਹੋਵੇਗੀ।
*27 ਜੁਲਾਈ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 4 ਪਰਿਵਾਰਾਂ ਵੱਲੋਂ ਹੋਵੇਗੀ:
1. ਬੀਬੀ ਸੁਖਰਾਜ ਕੌਰ ਪਰਿਵਾਰ 2. ਭਾਈ ਖੁਸ਼ਵੰਤ ਸਿੰਘ ਤੱਖਰ ਪਰਿਵਾਰ
3. ਭਾਈ ਸਤਿੰਦਰਪਾਲ ਸਿੰਘ ਪਰਿਵਾਰ ਵੱਲੋਂ ਬੇਟੇ ਦੇ ਜਨਮ ਦਿਨ ਤੇ 4. ਮਨਮਿੰਦਰਪਾਲ ਸਿੰਘ ਪਰਿਵਾਰ ਵੱਲੋਂ
*28 ਜੁਲਾਈ ਦਿਨ ਐਤਵਾਰ ਸਵੇਰੇ 9.30 ਵਜੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਹਰਪ੍ਰੀਤ ਸਿੰਘ ਸੰਧੂ ਪਰਿਵਾਰ ਵੱਲੋਂ ਬੱਚੀ ਆਰਨਾ ਸੰਧੂ ਦੇ ਪਹਿਲੇ ਜਨਮ ਦਿਨ ਦੀ ਖੁਸ਼ੀ ਵਿਚ ਹੋਵੇਗੀ।
*28 ਜੁਲਾਈ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਮਨਦੀਪ ਸਿੰਘ ਚਾਹਿਲ ਪਰਿਵਾਰ ਵੱਲੋਂ ਹੋਵੇਗੀ।
ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ
ਰਾਗੀ ਜਥੇ: ਭਾਈ ਪ੍ਰਗਟ ਸਿੰਘ ਜੀ ਤਰਨਤਾਰਨ ਵਾਲੇ, ਭਾਈ ਰਘਵੀਰ ਸਿੰਘ ਜੀ ਦਿੱਲੀ ਵਾਲੇ, ਭਾਈ ਗੁਰਦਿਆਲ ਸਿੰਘ ਜੀ ਖੰਡੂਰ ਸਾਹਿਬ ਵਾਲੇ
ਕਥਾਵਾਚਕ:ਭਾਈ ਨਿਸ਼ਾਨ ਸਿੰਘ ਜੀ
ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ
ਫੋਨ:604-590-3232, 604-590-3224

# ਅਮੀਰ ਨੂੰ ਅਪਣੀ ਅਮੀਰੀ ਦਾ ਵਿਖਾਵਾ ਕਰਨ ਦੀ ਭੁੱਖ ਤੇ ਮੁੰਬਈ ਦੀ ਅਰਬਾਂ ਦੇ ਖ਼ਰਚੇ ਵਾਲੀ ਸ਼ਾਦੀ

ਅਮੀਰ ਅਤੇ ਤਾਕਤਵਰ ਲੋਕ ਜਦੋਂ ਇਕ ਵੱਡੇ ਜਾਂ ਉੱਚੇ ਮੁਕਾਮ ’ਤੇ ਪਹੁੰਚ ਜਾਂਦੇ ਨੇ ਤਾਂ ਉਨ੍ਹਾਂ ਵਾਸਤੇ ਵਿਖਾਵਾ ਕਰਨਾ ਕਿਉਂ ਜ਼ਰੂਰੀ ਹੋ ਜਾਂਦਾ ਹੈ? ਭਾਰਤ ਦੇ ਸੱਭ ਤੋਂ ਅਮੀਰ ਪ੍ਰਵਾਰ ਦੇ ਘਰ ਵਿਚ ਵਿਆਹ ਸੀ ਤੇ ਬਾਕੀ ਅਮੀਰਾਂ ਨੂੰ ਵੀ ਬੁਲਾਇਆ ਗਿਆ ਸੀ। ਭਾਰਤ ਦੀ ਆਬਾਦੀ ਭਾਵੇਂ 140 ਕਰੋੜ ਤਕ ਪਹੁੰਚਣ ਵਾਲੀ ਹੋਵੇ, ਉਹੀਓ ਸੌ ਪ੍ਰਵਾਰ ਨੇ ਜਿਹੜੇ ਹਰ ਵਿਆਹ ਵਿਚ ਘਰ ਵਾਲਿਆਂ ਨਾਲ ਨਚਦੇ ਨੇ ਪਰ ਇਸ ਵਾਰ ਸੋਸ਼ਲ ਮੀਡੀਆ ਰਾਹੀਂ ਹਰ ਭਾਰਤੀ ਨੂੰ ਇਸ ਵਿਆਹ ਵਿਚ ਘਰ ਬੈਠੇ ਹੀ ਸ਼ਾਮਲ ਹੋਣ ਲਈ ਮਜ਼ਬੂਰ ਕਰ ਦਿਤਾ ਗਿਆ ਸੀ। ਉਸ ਵਿਆਹ ਦੇ ਕਾਰਡਾਂ ਤੋਂ ਲੈ ਕੇ ਵਿਦਾਈ ਤਕ ਹਰ ਭਾਰਤੀ ਇਸ ਨੂੰ ਦੇਖਦਾ ਰਿਹਾ। ਇਹ ਵਿਆਹ ਛੇ ਮਹੀਨੇ ਪਹਿਲਾਂ ਸ਼ੁਰੂ ਹੋਇਆ ਸੀ ਤੇ ਅਜੇ ਲਗਦਾ ਨਹੀਂ ਇਹ ਖ਼ਤਮ ਹੋਣ ਵਾਲਾ ਹੈ ਕਿਉਂਕਿ ਹੁਣ ਵਿਆਹ ਤੋਂ ਬਾਅਦ ਦੀਆਂ ਤਿਆਰੀਆਂ ਲੰਡਨ ਵਿਚ ਸ਼ੁਰੂ ਹੋ ਗਈਆਂ ਹਨ। ਇਸ ਵਿਆਹ ਨੂੰ ਵੇਖ ਕੇ ਅੱਜ ਕੁੱਝ ਸਵਾਲ ਇਕ ਵਾਰ ਫਿਰ ਉਠਦੇ ਨੇ ਜੋ ਪਹਿਲਾਂ ਵੀ ਕਈ ਵਾਰ ਉਠਾਏ ਜਾ ਚੁੱਕੇ ਹਨ ਕਿਉਂਕਿ ਜਿਸ ਤਰ੍ਹਾਂ ਦੌਲਤ ਦਾ ਵਿਖਾਵਾ ਕੀਤਾ ਗਿਆ ਹੈ, ਭਾਰਤ ਦੀ ਅਮੀਰ ਆਬਾਦੀ ਵਲੋਂ ਗ਼ਰੀਬ ਲਈ ਹਮਦਰਦੀ ਦਾ ਕਦੇ ਇਸ ਤਰ੍ਹਾਂ ਵਿਖਾਵਾ ਨਹੀਂ ਕੀਤਾ ਗਿਆ।




ਜੇ ਦੁਨੀਆਂ ਭਰ ਦੇ ਕੁਝ ਅਮੀਰਾਂ ਦੀ ਗਿਣਤੀ ਕਰੀਏ ਤਾਂ ਉਨ੍ਹਾਂ ਵਿਚ ਅਜ਼ੀਜ਼ ਪ੍ਰੇਮ ਜੀ ਜਾਂ ਰਤਨ ਟਾਟਾ ਵਰਗੇ ਵੀ ਆਉਂਦੇ ਨੇ ਜਿਨ੍ਹਾਂ ਵਲੋਂ ਦੌਲਤ ਕਮਾਈ ਗਈ ਹੈ ਪਰ ਉਸ ਦੀ ਵਰਤੋਂ ਸਮਾਜ ਨੂੰ ਉੱਚਾ ਚੁਕਣ ਲਈ ਵੀ ਕੀਤੀ ਗਈ ਹੈ। ਇਹ ਦੌਲਤ ਉਨ੍ਹਾਂ ਦੀ ਅਪਣੀ ਕਮਾਈ ਹੋਈ, ਅਪਣੀ ਨਿੱਜੀ ਦੌਲਤ ਹੈ ਪਰ ਇਹ ਸੱਚ ਹੈ ਕਿ ਇਹ ਦੌਲਤ ਉਨ੍ਹਾਂ ਵਲੋਂ ਭਾਰਤੀ ਸਮਾਜ ਵਿਚੋਂ ਕਮਾਈ ਗਈ ਹੈ। ਸਾਡੇ ਦੇਸ਼ ਨੂੰ ਆਜ਼ਾਦ ਹੋਇਆਂ ਬਹੁਤ ਘੱਟ ਸਮਾਂ ਹੋਇਆ ਹੈ। ਸਾਡੇ ਸਮਾਜ ਵਿਚੋਂ ਉਹ ਗ਼ਰੀਬੀ ਤੇ ਉਹ ਭੁੱਖ ਅਜੇ ਗਈ ਹੀ ਨਹੀਂ ਜੋ ਅਸੀ ਅਪਣੇ ਅਮੀਰਾਂ ਵਿਚ ਵੇਖਦੇ ਹਾਂ ਅਰਥਾਤ ਵਿਖਾਵੇ ਦੀ ਭੁੱਖ ਤੇ ਇਹ ਦੱਸਣ ਦੀ ਕਾਹਲ ਕਿ ਅਸੀ ਗ਼ਰੀਬੀ ’ਚੋਂ ਉਠ ਕੇ ਅਮੀਰ ਬਣ ਗਏ ਹਾਂ। ਨਵੀਂ ਪ੍ਰਾਪਤ ਕੀਤੀ ਅਮੀਰੀ ਦਾ ਵਿਖਾਵਾ ਜ਼ਿਆਦਾ ਹੁੰਦਾ ਹੈ। ਇਸੇ ਤਰ੍ਹਾਂ ਦਾ ਵਿਖਾਵਾ ਉਸ ਆਈਏਐਸ ਅਫ਼ਸਰ ਦੇ ਕਿਰਦਾਰ ’ਚੋਂ ਵੀ ਪਿਛਲੇ ਦਿਨੀਂ ਵੇਖਣ ਨੂੰ ਮਿਲਿਆ ਜਿਸ ਨੇ ਕੁੱਝ ਨਕਲੀ ਕਾਗ਼ਜ਼ ਵਿਖਾ ਕੇ, ਅਪਣਾ ਰੁਤਬਾ ਵਿਖਾਉਣ ਲਈ ਗੱਡੀਆਂ ਉਤੇ ਲਾਲ ਬੱਤੀਆਂ ਲਗਾ ਕੇ ਅਪਣਾ ਰੋਹਬ ਜਮਾਉਣ ਦੀ ਕੋਸ਼ਿਸ਼ ਕੀਤੀ।

ਸਾਡੇ ਅਮੀਰ, ਸਾਡੇ ਤਾਕਤਵਰ ਲੋਕ ਜਦੋਂ ਇਕ ਵੱਡੇ ਜਾਂ ਉੱਚੇ ਮੁਕਾਮ ’ਤੇ ਪਹੁੰਚ ਜਾਂਦੇ ਨੇ ਤਾਂ ਉਨ੍ਹਾਂ ਵਾਸਤੇ ਵਿਖਾਵਾ ਕਰਨਾ ਕਿਉਂ ਜ਼ਰੂਰੀ ਹੋ ਜਾਂਦਾ ਹੈ? ਉਨ੍ਹਾਂ ਵਾਸਤੇ ਸਮਾਜ ਵਿਚ ਅਪਣੀਆਂ ਦਿਲ ਦੀਆਂ ਗਹਿਰਾਈਆਂ ਵਿਚ ਵਸਦੀ ਹਮਦਰਦੀ ਵਿਖਾਉਣ ਦੀ ਸੋਚ ਕਿਉਂ ਨਹੀਂ ਉਗਮਦੀ? ਇਸ ਬਾਰੇ ਚਰਚਾ ਕਰਨੀ ਜ਼ਰੂਰੀ ਹੈ ਕਿਉਂਕਿ ਜਦ ਤਕ ਇਹ ਹਮਦਰਦੀ ਉਨ੍ਹਾਂ ਦੇ ਦਿਲ ’ਚੋਂ, ਉਨ੍ਹਾਂ ਦੇ ਪੈਸੇ ਰਾਹੀਂ, ਉਨ੍ਹਾਂ ਦੇ ਖ਼ਰਚੇ ਵਿਚ ਨਜ਼ਰ ਨਹੀਂ ਆਏਗੀ, ਭਾਰਤ ਦਾ ਸਹੀ ਵਿਕਾਸ ਮੁਮਕਿਨ ਨਹੀਂ ਹੋਵੇਗਾ।

ਇਕ ਪੂੰਜੀਵਾਦੀ ਸਮਾਜ ਵਿਚ ਜਿਹੜੀਆਂ ਸਹੂਲਤਾਂ ਇਕ ਉਦਯੋਗਪਤੀ ਨੂੰ ਮਿਲਦੀਆਂ ਨੇ, ਉਸ ਨਾਲ ਉਸ ਦੀ ਵੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਅਪਣੇ ਮੁਨਾਫ਼ੇ ਦੇ ਇਕ ਹਿੱਸੇ ਨੂੰ ਮੁੜ ਤੋਂ ਸਮਾਜ ਵਿਚ ਪਾਵੇ ਤਾਕਿ ਉਹ ਸਮਾਜ ਕਮਾਊ ਬਣਿਆ ਰਹੇ। ਅਸੀ ਇਹ ਨਹੀਂ ਕਹਾਂਗੇ ਕਿ ਉਨ੍ਹਾਂ ਵਲੋਂ ਸਮਾਜ ਸੇਵਾ ਕੀਤੀ ਜਾਵੇ ਜਾਂ ਅਪਣਾ ਪੈਸਾ ਦਾਨ ਕੀਤਾ ਜਾਵੇ। ਪੂੰਜੀਵਾਦੀ ਸਮਾਜ ਨੂੰ ਉਪਰ ਚੁਕਣ ਵਾਲੀ ਬੁਨਿਆਦੀ ਸੋਚ ਵਿਚ ਇਨ੍ਹਾਂ ਦਾ ਯੋਗਦਾਨ, ਸਮਾਜ ’ਚ ਅਪਣਾ ਪੈਸਾ ਵਾਪਸ ਲਗਾ ਦੇਣਾ ਹੀ ਹੁੰਦਾ ਹੈ ਜਿਸ ਨਾਲ ਹੋਰ ਰੁਜ਼ਗਾਰ ਪੈਦਾ ਕਰਨ ਤੇ ਵੱਧ ਪੈਸਾ, ਵੱਧ ਲੋਕਾਂ ਦੇ ਹੱਥਾਂ ਵਿਚ ਜਾਣ ਦਾ ਪ੍ਰਬੰਧ ਹੋਵੇ, ਸਮੇਤ ਉਦਯੋਗਪਤੀ ਦੇ, ਤਾਕਿ ਸਮਾਜ ਦਾ ਪਹੀਆ ਚਲਦਾ ਰਹੇ। ਸਾਡਾ ਜਿਹੜਾ ਅਮੀਰ ਵਰਗ ਹੈ, ਉਸ ਨੂੰ ਅਜੇ ਪ੍ਰਦਰਸ਼ਨ ਦਾ ਨੰਗਾ ਨਾਚ ਵਿਖਾ ਕੇ ਜੋ ਸਕੂਨ ਮਿਲ ਰਿਹਾ ਹੈ, ਉਹ ਪੂੰਜੀਵਾਦ ਦੀ ਸਹੀ ਪ੍ਰੀਭਾਸ਼ਾ ਨਹੀਂ ਹੈ। ਆਸ ਕਰਦੇ ਹਾਂ ਕਿ ਆਉਣ ਵਾਲੇ ਸਮੇਂ ਵਿਚ ਸਾਡੇ ਉਦਯੋਗਪਤੀਆਂ ਦੇ ਮਨਾਂ ਵਿਚ ਧੁਰ ਅੰਦਰ ਦੀ ਲਾਲਸਾ ਤੇ ਲਾਲਚ ਸ਼ਾਂਤ ਹੋ ਜਾਣਗੇ ਤੇ ਉਹ ਅਪਣੇ ਉਤੇ ਪਈਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਦੀ ਕਾਬਲੀਅਤ ਅਪਣੇ ਅੰਦਰੋਂ ਹੀ ਜੁਟਾ ਸਕਣ ਯੋਗ ਹੋ ਜਾਣਗੇ।

**– ਨਿਮਰਤ ਕੌਰ**

## ਹੁਣ ਆਰ. ਐਸ. ਐਸ. ਦੀਆਂ ਸਰਗਰਮੀਆਂ ’ਚ ਸ਼ਾਮਲ ਹੋ ਸਕਣਗੇ ਸਰਕਾਰੀ ਮੁਲਾਜ਼ਮ, ਸਰਕਾਰ ਨੇ 58 ਸਾਲ ਬਾਅਦ ਹਟਾਈ ਪਾਬੰਦੀ

ਨਵੀਂ ਦਿੱਲੀ:-ਸਰਕਾਰੀ ਮੁਲਾਜ਼ਮ ਹੁਣ ਆਰ ਐੱਸ ਐੱਸ ਦੀਆਂ ਸਰਗਰਮੀਆਂ ’ਚ ਸ਼ਾਮਲ ਹੋ ਸਕਣਗੇ। ਕੇਂਦਰ ਸਰਕਾਰ ਨੇ ਇਸ ’ਤੇ ਲੱਗੀ ਰੋਕ 58 ਸਾਲ ਬਾਅਦ ਹਟਾ ਦਿੱਤੀ ਹੈ। ਹਾਲਾਂਕਿ ਅਧਿਕਾਰਤ ਤੌਰ ’ਤੇ ਇਸ ਬਾਰੇ ਕੋਈ ਬਿਆਨ ਜਾਰੀ ਨਹੀਂ ਕੀਤਾ ਗਿਆ ਪਰ ਭਾਜਪਾ ਆਈਟੀ ਸੈੱਲ ਦੇ ਮੁਖੀ ਅਮਿਤ ਮਾਲਵੀਆ ਤੇ ਕਾਂਗਰਸ ਜਨਰਲ ਸਕੱਤਰ ਜੈਰਾਮ ਰਮੇਸ਼ਨੇ ਐਕਸ ’ਤੇ ਪੋਸਟ ਪਾ ਕੇ ਇਸ ਸਬੰਧੀ ਦਾਅਵਾ ਕੀਤਾ ਹੈ। ਜ਼ਿਕਰਯੋਗ ਹੈ ਕਿ 30 ਨਵੰਬਰ 1966 ਨੂੰ ਕੇਂਦਰ ਸਰਕਾਰ ਨੇ ਸਰਕਾਰੀ ਮੁਲਾਜ਼ਮਾਂ ਦੇ ਆਰਐੱਸਐੱਸ ਦੀਆਂ ਸਰਗਰਮੀਆਂ ’ਚ ਸ਼ਾਮਿਲ ਹੋਣ ’ਤੇ ਪਾਬੰਦੀ ਲਗਾ ਦਿੱਤੀ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਇੰਦਰਾ ਗਾਂਧੀ ਸ਼ਾਸਨ ਕਾਲ ਦੌਰਾਨ ਲਗਾਈ ਗਈ ਇਹ ਪਾਬੰਦੀ ਨੌਂ ਜੁਲਾਈ ਨੂੰ ਇਕ ਹੁਕਮ ਜਾਰੀ ਕਰ ਕੇ ਹਟਾ ਦਿੱਤੀ ਹੈ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਹਰਿਆਣਾ, ਹਿਮਾਚਲ ਪ੍ਰਦੇਸ਼, ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਸਮੇਤ ਵੱਖ-ਵੱਖ ਸੂਬਿਆਂ ਦੀਆਂ ਸਰਕਾਰਾਂ ਸਰਕਾਰੀ ਮੁਲਾਜ਼ਮਾਂ ਦੇ ਆਰਐੱਸਐੱਸ ਨਾਲ ਜੁੜੇ ਹੋਣ ’ਤੇ ਪਾਬੰਦੀ ਪਹਿਲਾਂ ਹੀ ਹਟਾ ਚੁੱਕੀਆਂ ਹਨ।

# ਅਮੀਰ ਬਾਪ ਦੀ ਵਿਗੜੀ ਉਲਾਦ

ਝੁਗੀ ਵਿਚਲੇ ਗਰੀਬ ਦੇ ਨਿਆਣੇ ਨੂੰ ਪਤਾ ਭੁਖ ਕੀ ਹੁੰਦੀ ਪਰ ਅਮੀਰ ਬਾਪ ਦਾ ਪੁਤ ਕੀ ਜਾਣੇ ਭੁਖ ਕਿਹੜੇ ਭੂਤ ਦਾ ਨਾਂ। ਗਰੀਬ ਤਾਂ ਢੋਲ ਵਿਚ ਸੁਟਿਆ ਅੰਨ ਵੀ ਕਢ ਕੇ ਖਾ ਜਾਂਦਾ ਪਰ ਅਮੀਰ ਦੇ ਨਿਆਣੇ ਦੇ ਖਾਣ ਵੇਲੇ ਦੇ ਨਖਰੇ ਈ ਨਾ ਮਾਣ।

ਹਿੰਦੂ ਨੂੰ ਪੁਛੋ ਸ਼ਹੀਦ ਦੀ ਵਿਆਖਿਆ ਕੀ ਹੁੰਦੀ। ਓਹ ਬਕਰੀ ਚੁੰਘ ਕਮਜੋਰ ਜਿਹੇ ਗਾਂਧੀ ਨੂੰ ਹੀ ਬਾਪ ਮੰਨੀ ਬੈਠਾ ਪਰ ਮੇਰੀ ਕੌਮ ਦੀ ਵਿਗੜੀ ਉਲਾਦ ਨੂੰ ਹਿਕਾਂ ਡਾਹ ਦੇ ਲੋਹੇ ਦੇ ਵਾਰ ਝਲਣ ਵਾਲੇ ਅਪਣੇ ਗੁਰਾਂ ਦੇ ਸੂਰਬੀਰ ਫਰਜੰਦ ਤਕ ਨਹੀ ਯਾਦ।

ਉਹ ਜਿਹਲੋਂ ਲਿਲੜੀਆਂ ਕਢ ਕਢ ਬਾਹਰ ਆਓਂਣ ਵਾਲੇ ਵੀਰ ਸਾਰਵਰਕਰ ਨੂੰ ਹੀ ਹੀਰੋ ਮੰਨੀ ਬੈਠਾ ਪਰ ਸਾਡੇ ਵਾਲਾ ਖੈਬਰ ਤੀਕ ਧਕਾਂ ਪਾਓਂਣ ਵਾਲਾ ਹਰੀ ਸਿੰਘ ਨਲੂਆ ਵੀ ਭੁਲ ਗਿਆ ਹੋਇਆ।

ਝੌਂਪੜੀ ਵਿਚਲੇ ਨਿਆਣੇ ਮੂਹਰੇ ਕਿਤੇ ਖਟੇ ਚੌਲ ਹੀ ਰਖ ਵੇਖਿਆ ਜੇ ਪਰ ਅਮੀਰ ਦੀ ਵਿਗੜੀ ਉਲਾਦ ਬਦਾਮਾ ਪਿਸਤਿਆਂ ਵਾਲੀ ਕਸਟਡ ਨੂੰ ਵੀ ਨਕ ਬੁਲ ਚਾਹੜ ਕੇ ਖਾਏਗੀ ਜਾਂ ਖਾਏਗੀ ਹੀ ਨਹੀ।

ਹਿੰਦੂ ਵਿਚਾਰੇ ਦੀ ਗਰੀਬੀ ਦੇਖੋ ਕਿ ਉਸ ਨੂੰ ਬੁਤ ਖੜਾ ਕਰਨ ਲਈ ਹੀ ਕੋਈ ਚਜ ਦਾ ਬੰਦਾ ਨਹੀ ਲਭਾ ਅਤੇ ਗੋਰਿਆਂ ਹੇਠੋਂ ਲੰਘਕੇ ਮੁਲਖ ਲੈਣ ਵਾਲੇ ਪਟੇਲ ਨਾਲ ਹੀ ਗੁਜਾਰਾ ਕਰਨਾ ਪਿਆ। ਏਅਰਪੋਰਟ ਦਾ ਨਾਂ ਰਖਣ ਖਾਤਰ ਹੀ ਉਸ ਕੋਲੇ ਕੋਈ ਸੂਰਬੀਰ ਯੋਧਾ ਪਾਤਰ ਨਾ ਸੀ ਤੇ ਰਖਿਆ ਕੀ?

ਇੰਦਰਾ ਗਾਂਧੀ ਏਅਰਪੋਰਟ!

ਐਮਰਜੈਂਸੀ ਲਾ ਕੇ ਪੂਰੇ ਮੁਲਖ ਦੇ ਜੂਤ ਫੇਰਨ ਵਾਲੀ ਇੱਕ ਕੁਰਪਟ ਅਤੇ ਹੰਕਾਰੀ ਔਰਤ ਹੀ ਲਭੀ ਯਾਣੀ ਬੇਹਦ ਗੁਰਬਤ।ਜਦ ਤੁਹਾਡੇ ਕੋਲੇ ਕੋਈ ਚੀਜ ਦੀ ਬਹੁਤਾਤ ਹੋਵੇ ਤੁਸੀਂ ਉਸ ਦੀ ਕਦਰ ਪਾਓਣੀ ਛਡ ਦਿੰਨੇ। ਸਿਖਾਂ ਦਾ ਪਿਓ ਯਾਣੀ ਬਾਜਾ ਵਾਲਾ ਬੇਹਦ ਅਮੀਰ ਬਾਪ ਐ ਅਤੇ ਸਿਖ ਕੌਮ ਦੇ ਅਜ ਦੇ ਹਾਲਾਤ ਅਤੇ ਅਵੇਸਲਾਪਨ ਦੇਖ ਕਹਿਣਾ ਪਏਗਾ ਕਿ ਇਹ ਅਮੀਰ ਬਾਪ ਦੀ ਵਿਗੜੀ ਹੋਈ ਔਲਾਦ ਐ ਜਿਹੜੀ ਸ਼ੁਧ ਹਿਰਦੇ ਨਾਲ ਅਪਣੇ ਯੋਧਿਆਂ ਨੂੰ ਨਾ ਸਾਂਭ ਸਕੀ ਨਾ ਅਪਣੇ ਨਿਆਣਿਆਂ ਤਕ ਲਿਜਾ ਸਕੀ ਜੀਹਨਾ ਨੂੰ ਗਾਓਂਣ ਨਚਣ ਵਾਲੇ ਹਰੇਕ ਲੰਡਰ ਦਾ ਪਤਾ ਪਰ ਖੁਦ ਦੇ ਯੋਧਿਆਂ ਦਾ ਨਹੀ।



ਗੁਰਦੇਵ ਸਿੰਘ ਸੱਧੇਵਾਲੀਆ

ਬਾਕੀ ਛਡੋ ਤੁਹਾਡਾ ਆਹਾ ਕਾਮਰੇਡ ਲਾਣਾ ਹੀ ਦੇਖ ਲਓ। ਗਰੀਬਾਂ ਨੂੰ ‘ਸਿਨਮਾ ਸ਼ਹੀਦਾਂ’ ਨਾਲ ਹੀ ਗੁਜਾਰਾ ਕਰਨਾ ਪੈ ਰਿਹਾ। ਐਨ ਨਿਠ ਕੇ ਜੁਅਰਤ ਨਾਲ ਅਤੇ ਸਹੀ ਬੰਦਾ ਚੁਣ ਕੇ ਜਿਹੜਾ ਗੋਲੀ ਵੀ ਨਹੀ ਮਾਰ ਸਕਿਆ ਅਤੇ ਹਰਫਲਿਆ ਹੋਇਆ ਭਜ ਨਿਕਲਿਆ ਓਸ ਭਗਤ ਸਿੰਘ ਨਾਲ ਹੀ ਸਾਰਨਾ ਪੈ ਰਿਹਾ।

ਜਦ ਕਿ ਤੁਹਾਡੇ ਕੋਲੇ ਐਨ ਸੋਧ ਕੇ ਨਿਠ ਕੇ ਨਿਸ਼ਾਨੇ ਗਡਣ ਵਾਲੇ ਸੂਰਬੀਰ ਸੁਖੇ ਜਿੰਦੇ, ਬੇਅੰਤ ਸਤਵੰਤ ਸਿੰਘ ਮੌਜੂਦ ਨੇ ਪਰ ਵਿਗੜਿਆਂ ਕਦਰ ਕਿਥੇ।

ਫਿਰ ਹੁਣ ਅਪਣੇ ਲੋਕਾਂ ਨੂੰ ਅਮੀਰ ਬਾਪ ਦੀ ਵਿਗੜੀ ਉਲਾਦ ਨਾ ਕਹਾਂ ਤਾਂ ਕੀ ਕਹਾਂ ਜਿਸਦੀ ਕਿ ਮਾਣ ਨਾਲ ਹਿਕ ਪਾਟਣ ਵਾਲੀ ਹੋਣੀ ਚਾਹੀਦੀ ਸੀ ਪਰ ਜਿਹੜੀ ਹੀਣਭਾਵਨਾ ਦੀ ਗੁਰਬਤ ਵਿਚ ਕਾਮਰੇਡਾਂ ਜਾਂ ਬਕਰੀ ਚੁੰਘਾਂ ਨੂੰ ਹੀ ਵਡੇ ਸਿਰਾਂ ਵਾਲੇ ਅਤੇ ਮਹਾਨ ਮੰਨੀ ਬੈਠੀ ਹੋਈ। ਨਹੀ?

# ਵਿਅੰਗ ਵਿਹਲੇ ਹੋਣਾ

ਮੀਂਹ ਪੈ ਕੇ ਹਟਿਆ ਸੀ ਬਾਹਰ ਫਾਰਮ ਵਿਚ ਚਿਕੜ ਸੀ ਕੰਮ ਕੋਈ ਕਰਨ ਨੂੰ ਨਾ ਸੀ ਯਾਣੀ ਮੈਂ ਵਿਹਲਾ।

ਤੇ ਜਦ ਮੈਂ ਵਿਹਲਾ ਹੋਵਾਂ ਫਿਰ ਵਿਹਲੇ ਜਿਹੇ ਲੋਕ ਬੜੇ ਯਾਦ ਆਓਂਣ ਲਗ ਜਾਂਦੇ ਨੇ ਜਿਵੇਂ ਕਿ ਕੋਈ ਤੌੜੀ ਧਰੀ ਬੈਠਾ ਦਾਲ ਦੀ ਕੋਈ ਕੂੰਡੇ ‘ਚ ਡੰਡਾ ਫਸਾਈ ਬੈਠਾ, ਕੋਈ ਪੰਜ ਚਾਰ ਨਿਆਣੇ ਲਾ ਕੇ ਸਿਰ ਦੀ ਰਗੜਾਈ ਕਰਾ ਰਿਹਾ ਜਾਂ ਪਘੂੰੜੇ ਚੜਿਆ ਦੋ ਕੁਵਿੰਟਲ ਢਿਡ ਨੂੰ ਝੂਟੇ ਦਵਾ ਰਿਹਾ ਜਾਂ ਕਿਕਰੀਂ ਆਂਡੇ ਦੇ ਰਿਹਾ ਯਾਣੀ ਮਲਿਆਂ ਤੇ ਚੜਕੇ ਰਬ ਨੂੰ ਹੇਠਾਂ ਲਾਹ ਰਿਹਾ ਜਾਂ ਖੁਦ ਵਿਹਲਾ ਕਿਰਤ ਦਾ ਭਾਸ਼ਣ ਦੇ ਰਿਹਾ ਜਾਂ ਗੁਰਦੁਆਰੇ ਦੀ ਦਾਲ ਪੀ ਕੇ ਓਸੇ ਦਾਲ ਉਪਰ ਹੀ ਖੁਲੀ ਕਵਿਤਾ ਲਿਖੀ ਜਾਂਦਾ।

ਗਰੰਥੀਆਂ ਦੇ ਪੈਸੇ ਮਾਰਨ ਵਾਲਾ ਗੁਰਦੁਆਰੇ ਤੇ ਪਲਣ ਵਾਲਾ ਨਾਨਕ ਹੋਣ ਦੇ ਸੁਪਨੇ ਲੈ ਰਿਹਾ ਜੇ ਕਿਸੇ ਦੁਬਾਰਾ ਤੋਪੇ ਉਧੇੜ ਦਿਤੇ ਫਿਰ ਕਹਿਣਾ ਗੁੰਡਾਗਰਦੀ ਕਰਦੇ।

ਕਹਿੰਦੇ ਗਿਦੜ ਦੇ ਸਰਪੰਚੀ ਦਾ ਛਜ ਬੰਨ ਦਿਤਾ ਓਧਰ ਜਟ ਨੇ ਆਣ ਡਾਂਗ ਖੜਕਾਈ ਤਾਂ ਛਜ ਵਾਲਾ ਮਿਰਜਾ ਹੀ ਵਢ ਹੋਇਆ ਛਜ ਬੰਨਣ ਵਾਲੇ ਤਾਂ ਮਾਰ ਛਾਲਾਂ ਗਏ।

ਮੈਂ ਅਜ ਵਿਹਲਾ ਸੀ ਸੋਚਿਆ ਸੂਰਜ ਦੀ ਯਾਤਰਾ ਕਰ ਆਵਾਂ ਜਾਂ ਸਚਖੰਡ ਚੋਂ ਚਾਰ ਸੰਤਰੇ ਹੀ ਤੋੜ ਲਿਆਵਾਂ। ਨਿਕਲਿਆ ਤਾਂ ਸੰਤਰੇ ਤੋੜਨ ਸੀ ਮਗਰੋਂ ਘਰਵਾਲੀ ਦੀ ਅਵਾਜ ਆਈ ਹੈਥੋਂ ਚਾਰ ਕਦੂ ਤੋੜੀ ਲਿਆਇਓ।

ਬਾਬਾ ਤੋਤਾ ਗਾਈ ਜਾਂਦਾ ਦਿਸ ਪਿਆ ਕਹਿੰਦਾ

ਪਹਿਲਾਂ ਕਿਓਂ ਮਰਿਆ ਮਰਿਆ ਆਈ ਤੇ ਦੇਖਾਂਗੇ।

ਓਂ ਈ ਬਸ ਰਿੰਮਾ ਵਾਲੀ ਫਰੂਟੀ ਯਾਦ ਆ ਗਈ ਕਿ ਦੇਖਣਾ ਕੀ ਸੀ ਆ ਲੈਣ ਦੇਣੀ ਸੀ।

ਪੂਰੇ ਦਾ ਪੂਰੇ ਮੁਲਖ ਵਿਹਲੜਾਂ ਨਾਲ ਭਰਿਆ ਪਿਆ ਅਤੇ ਨਕੋ ਨਕ ਭਰਿਆ। ਬਅਸ ਇਵੇਂ ਕੁ ਦਾ ਹੀ ਸਮਾ ਰਿਹਾ ਹੋਵੇਗਾ ਜਦ ਮੁਹੰਮਦ ਬਿਨ ਕਾਸਮ ਵਰਗੇ ਪੰਜ ਕੁ ਸੌ ਸਵਾਰਾਂ ਨਾਲ ਆਏ ਅਤੇ ਛਿਤਰ ਫੇਰ ਕੇ ਔਹ ਗਏ ਤੇਂ ਮੁੜ ਵਾਰ ਵਾਰ ਆਓਂਦੇ ਰਹੇ।

ਅਸਮਾਨਾ ਦੇ ਸੁਪਨੇ ਲੈਣ ਵਾਲੀਆਂ ਕੌਮਾਂ ਵਿਹਲੜਾਂ ਦੀ ਮਕਾਣ ਵੀ ਨਹੀ ਜਾਦੀਆਂ ਪਰ ਮੇਰੀ ਕੋਮ ਨੇ ਪੰਡੀਏ ਕੀ ਸਨਾਤਨਤਾ ਦੀ ਰੀਸੇ ਵਿਹਲੜਾਂ ਨੂੰ ਪੂਜਣਾਂ ਅਤੇ ਪਾਲਣਾਂ ਸ਼ੁਰੂ ਕਰ ਦਿਤਾ ਹੋਇਆ ਜਿਹੜਾ ਕਿ ਅਤ ਹਾਨੀਕਾਰਕ ਹੈ।

ਸਭ ਵਿਹਲੜ ਨਕੰਮੇ ਅਤੇ ਨਿਖਿਧ ਜਿੰਨਾ ਚਿਰ ਤੁਸੀਂ ਗਲੋਂ ਨਾ ਲਾਹੇ ਇਨਾ ਦੇ ਭਾਰ ਨੇ ਹੀ ਤੁਹਾਨੂੰ ਉਡਣ ਜੋਗੇ ਨਹੀ ਛਡਣਾ।

ਫਿਰ ਕਹਾਂ ਅਸਮਾਨੀ ਉਡਣ ਵਾਲੇ ਫਾਲਤੂ ਭਾਰ ਖੰਭਾਂ ਨਾਲ ਨਹੀ ਬੰਨਿਆਂ ਕਰਦੇ ਭਾਰ ਵੀ ਨਿਰਾ ਕੂੜਾ।

**–ਗੁਰਦੇਵ ਸਿੰਘ ਸੱਧੇਵਾਲੀਆ**

FARM MORTGAGE SPECIALIST
Please Call:
SARBJIT DUBB, AMP
Mortgage Consultant
604-780-4497
Verico A.K. Mortgage Plus Inc.
AK Mortgage Plus
Professional Mortgage Consultants
5 YEAR FIXED
4.69 %*
Insured Only
QUICK & EASY APPROVALS

A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca
*Rates are subject to change. O.A.C. Some Conditions Apply. VERICO A.K. MORTGAGE PLUS INC




## A-CLASS Appliance Rep.

*Stove *Fridges
*Washer *Dryers
*Dishwasher *Freezer
*Garburator *Hot Water Tank
*Hot Water Heating Furnace



GURJIT
CERTIFIED TECHNICIAN
(24Hrs)

Off: 604-543-6239

#103-12465-82Ave Surrey, BC

## A-CLASS Electric Ltd.

*House *Commercial *Industrial *Renovation
*Town Houses Wiring *Build-In Vaccum
*Security System & Monitoring
*Intercom's Video Monitored Intercom

FREE ESTIMATES

Cell: 604-351-2538
Tel:604-596-5474



MANJIT

CLASS "A" CERTIFIED & LICENCED ELECTRICIANS

## ਸੰਦਲ ਰੈਨੋਵੇਸ਼ਨ

Your's Complete Home Renovation

* ਫਰੇਮਿੰਗ
* ਡਰਾਈਵਾਲ
* ਪੇਂਟਿੰਗ
* ਟਾਈਲਜ਼
* ਲੈਮੀਨੇਟ
* ਇਲੈਕਟ੍ਰੀਕਲ
* ਪਲਬਿੰਗ
* ਕਾਰਪੈਟ
* ਰੂਫਿੰਗ ਦਾ ਕੰਮ
* ਸਨਡੈਕ ਦੀ ਰਿਪੇਅਰ

ਮੁਫਤ ਐਸਟੀਮੇਟ ਲਈ ਸੰਪਰਕ ਕਰੋ

ਭਿੰਦਰ : 604-725-6270

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ 'ਤੇ ਕਰਦੇ ਹਾਂ

## ਲੱਖੀ ਰੈਨੋਵੇਸ਼ਨ

- ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
- ਬੇਸਮੈਂਟ ਦੀ ਰੈਨੋਵੇਸ਼ਨ
- ਡੋਰ ਐਂਡ ਮੋਲਡਿੰਗ
- ਵਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
- ਫਲੋਰ ਅਤੇ ਵਾਲ ਟਾਈਲਜ਼
- ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ
- ਘਰ ਨੂੰ ਵਧਾਉਣਾ
- ਪੇਂਟਿੰਗ
- ਕਾਰਪੇਂਟਰੀ
- ਪੌੜੀਆਂ
- ਫਿਨਸ਼ਿੰਗ
- ਫਰੇਮਿੰਗ



15 ਸਾਲਾ ਦਾ ਤਜ਼ਰਬਾ

ਹੋਰ ਜਾਣਕਾਰੀ ਲਈ ਫੋਨ ਕਰੋ :
ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ 'ਤੇ ਗਰੰਟੀ ਨਾਲ ਕਰਦੇ ਹਾਂ

ਅਸੀਂ ਤਸੱਲੀਬਖ਼ਸ਼ ਕੰਮ ਕਰਦੇ ਹਾਂ

ਲੱਖਵਿੰਦਰ ਸੈਂਹਬੀ : 604-621-0206
lakhwindersembhi@yahoo.ca


## DAWN RENOVATION

Commercial & Residential

ਹਰ ਤਰ੍ਹਾਂ ਦੀ ਰੂਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ

ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲਬਿੰਗ / ਹੀਟਿੰਗ * ਪੇਂਟਿੰਗ*
ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।

Certified Electrician, Builder, Construction & Development



ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ

604-716-3534 / 778-881-0236
daljitsinghdhami@gmail.com

## Up-To-Date Finishing

ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ

We are specialized in Custom Wood Working:
Residential & Commercial Renovations

- Doors
- Mouldings
- Fire Place
- Base Board
- Hardy Plank
- Wood Floor




Sanjeev Dhir 778.320.9413
sanjeevkumarsk52@gmail.com

## BT LINE PAINTING CO.

ਟੋਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ

SPECIALIZING IN:

Spray & Roller Panting * Interior & Exterior * Pressure Washing*

ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।

ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੁਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ
ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ

For FREE estimates call Mr. Kulwant Singh Boyal

Cell: 604-340-7497 Res: 604-543-8064

## STORM ELECTRIC LTD.

Residential & Commercial

Licenced & Bonded

*All Kinds Of Electrical Service
*Best Rate
*Friendly Service
*Quality Workmanship





Mandeep Dhaliwal
(Certified Electrician)
778-994-7207
Email:stormelectricltd@gmail.com

# HOME IMPROVEMENT

## TOOR LANDSCAPING & FENCE

RESIDENTIAL & COMMERCIAL

- ਅਸੀਂ ਨਵੇਂ ਅਤੇ ਪੁਰਾਣੇਂ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
- 2X3 ਦਾ ਫਰੇਮ ਸੋਲਿਡ $210 ਦਾ ਪੈਨਲ
- ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
- ਕੰਮ ਦੀ ਪੂਰੀ ਪੂਰੀ ਗਰੰਟੀ ਹੈ।
- ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।



ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ

ਅਸੀਂ ਲੋਹੇ ਅਤੇ ਵਾਈਨਲ ਦੀ ਫੈਂਸ ਵੀ ਲਾਉਂਦੇ ਹਾਂ

ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ

ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।


**604-729-3225**

ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

## RIGHT TOUCH PAINTING Co.

RT

Residential & Commercial



- Interior & Exterior Painting
- Roller, Brush & Spray Painting
- Stucco Painting
- Re-Painting
- Fast & Friendly Service

Special Discount on Repaint

ਸਾਨੂੰ ਕੰਮ ਵਾਸਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ।
ਤਨਖਾਹ ਤਜਰਬੇ ਅਨੁਸਾਰ ਵਧੀਆ ਦਿੱਤੀ ਜਾਵੇਗੀ

**Call Ratinder: 604-765-3419**

## SINGH RAJ RENOVATION CO.



**We noticed your house needs minor repair**
Unsure ofyourhousehold fixtures?
Just to replace or repair? **Get it Done Today!**

**We guaranteed Singh Raj Renovation is the smartest choice for household small jobs**

*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.

SPECIALISTS IN
Maintain+Repair & New Installation
Reasonable Rates
20Yrs Exprienced

**Call Raj: 778-229-9261**


## Ambrosia Renovation

Your's Complete Home Renovation

* ਫਰੇਮਿੰਗ
* ਡਰਾਈਵਾਲ
* ਪੇਂਟਿੰਗ
* ਟਾਈਲਜ਼
* ਲੈਮੀਨੇਟ
* ਇਲੈਕਟ੍ਰੀਕਲ
* ਪਲਬਿੰਗ
* ਕਾਰਪੈਟ
* ਰੂਫਿੰਗ ਦਾ ਕੰਮ
* ਸਨਡੈਕ ਦੀ ਰਿਪੇਅਰ

**Sunny : 778-951-1699**

ਪੁਰਾਣੇ ਘਰਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲੰਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ



**Contact for Kitchen Cabinet & Counter Tops in Homes**

ਘਰ ਜਾਂ ਬੇਸਮੈਂਟ ਰਿਪੇਅਰ ਕਰਵਾਉਣ ਲਈ ਸੰਪਰਕ ਕਰੋ

**236-234-4081**

## HHR RENOVATIONS

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ।

ਸਮੇਂ ਸਿਰ ਭਰੋਸੇਯੋਗ ਕੰਮ ਕੀਤਾ ਜਾਂਦਾ ਹੈ

Residential & Commerical

**Free Estimate**

ਬ੍ਰੈਂਡ ਨਿਊ ਬੇਸਮੈਂਟ ਅਤੇ ਪੂਰੇ ਪੁਰਾਣੇ ਘਰ ਦੀ ਰੇਨੋਵੇਸ਼ਨ ਦੇ ਮਾਹਿਰ

ਪੂਰੇ ਲੋਅਰਮੇਨ ਲੈਂਡ ਵਿਚ ਸਰਵਿਸ ਕਰਦੇ ਹਾਂ

**Paul 778-823-1056**

## KING 73 RENO LTD.

We Do All Kind Of Renovation

* ਫਰੇਮਿੰਗ * ਡਰਾਈਵਾਲ * ਪੇਂਟਿੰਗ * ਟਾਈਲਾਂ
* ਸਨਡੈੱਕ ਦੀ ਰਿਪੇਅਰ * ਲੈਮੀਨੇਟ * ਵਾਸ਼ਰੂਮ
* ਕਿਚਨ * ਐਕਸਟਰਾ ਰੂਮ ਐਡੀਸ਼ਨ
* ਇਲੈਕਟ੍ਰੀਕਲ * ਪਲੰਬਿੰਗ * ਰੂਫਿੰਗ ਦਾ ਕੰਮ



22 ਸਾਲ ਦਾ ਤਜਰਬਾ

**FREE ESTIMATES**

ਅਸੀਂ ਸਨਡੈੱਕ ਅਤੇ ਪੌੜੀਆਂ ਵੀ ਰਿਪੇਅਰ ਕਰਦੇ ਹਾਂ

ਵੱਡੀ ਜਾਂ ਛੋਟੀ ਜੌਬ, ਹਰ ਪ੍ਰਕਾਰ ਦੀ ਰੈਨੋਵੇਸ਼ਨ ਫਰੀ ਐਸਟੀਮੇਟ ਵਾਸਤੇ ਤਜਰਬੇਕਾਰ ਗੁਰਦੀਪ ਸਿੰਘ ਨਾਲ ਸੰਪਰਕ ਕਰੋ :

ਸਾਨੂੰ ਵਰਕਰਾਂ ਦੀ ਵੀ ਲੋੜ ਹੈ।

**Gurdeep S. Gill 778.896.4555**

king73renoltd@gmail.com www.king73reno.com

# ਬਜਟ ਵਿੱਚ ਪੰਜਾਬ ਲਈ ਕੁੱਝ ਨਹੀਂ, ਬਿਹਾਰ ਅਤੇ ਆਂਧਰਾ ਲਈ ਗੱਫੇ

ਨਵੀਂ ਦਿੱਲੀ -ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਮੋਦੀ ਸਰਕਾਰ ਦੇ ਤੀਜੇ ਕਾਰਜਕਾਲ ਦਾ ਪਹਿਲਾ ਬਜਟ ਪੇਸ਼ ਕੀਤਾ ਗਿਆ, ਜਿਸ ਵਿੱਚ ਵੱਖ-ਵੱਖ ਵਰਗਾਂ ਲਈ ਸਰਕਾਰ ਵੱਲੋਂ ਸਕੀਮਾਂ ਦਾ ਜਿਥੇ ਐਲਾਨ ਕੀਤਾ ਗਿਆ। ਕਈ ਟੈਕਸ ਲਾਏ ਗਏ ਅਤੇ ਕਈ ਚੀਜ਼ਾਂ ਸਸਤੀਆਂ ਵੀ ਕੀਤੀਆਂ ਹਨ। ਇਸ ਦੌਰਾਨ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਬਿਹਾਰ ਅਤੇ ਆਂਧਰਾ ਪ੍ਰਦੇਸ਼ ਨੂੰ ਕਈ ਤੋਹਫੇ ਦਿੱਤੇ ਹਨ। ਪਰੰਤੂ ਵਿੱਤ ਮੰਤਰੀ ਵੱਲੋਂ ਪੰਜਾਬ ਅਤੇ ਕਿਸਾਨਾਂ ਲਈ ਕੋਈ ਵੀ ਐਲਾਨ ਨਹੀਂ ਕੀਤਾ ਗਿਆ। ਪੰਜਾਬ ਨੂੰ ਇਸ ਵਾਰ ਵੀ ਬਜਟ ਵਿਚੋਂ ਖਾਲੀ ਹੱਥ ਰਹਿਣਾ ਪਿਆ ਹੈ। ਵਿੱਤ ਮੰਤਰੀ ਨੇ ਬਿਹਾਰ ਲਈ ਨਵੇਂ ਹਵਾਈ ਅੱਡਿਆਂ, ਮੈਡੀਕਲ ਸਹੂਲਤਾਂ ਅਤੇ ਖੇਡ ਬੁਨਿਆਦੀ ਢਾਂਚੇ ਦਾ ਐਲਾਨ ਕੀਤਾ, ਪਰ ਪੰਜਾਬ ਨੂੰ ਸਪੈਸ਼ਲ ਪੈਕੇਜ ਦੀ ਮੰਗ 'ਤੇ ਕੁਝ ਨਹੀਂ ਮਿਲਿਆ।


FRASERVIEW MEATS

The Name of Guaranteed Quality Meats





Number One Quality Meat in Lower Mainland

We also sell cooked chicken
We take orders for all occassion

Serving You Since 1993



Jagir S. Nagra

Try our Special Chicken Tikkar

604-592-2900

#102-12047-80th Ave. Surrey (Besides Mega Fruticana)
www.fraserviewmeats.com



Rai Express Lines Ltd.



Hiring

Team Owner Operators

- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

Call today 604-503-6900

Email-kal@raiexpresslines.com www. raiexpressline.com

Unit 125-7475 135th Street, BC V3W 0M8



ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ

ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ

ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ

ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ




ਬੈਂਕੁਇਟ ਹਾਲ 150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਯੂ ਅਤੇ ਕੇਟਰਿੰਗ ਵੀ ਕਰਦੇ ਹਾਂ




50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ

ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ



ਕੁਲਵਿੰਦਰ ਸਿੰਘ ਪੂਨੀ

12815, 85 Ave Surrey BC. | www.shahicaterers.ca | Email: kspooni95@hotmail.de

778-928-4522, 778-565-4141, 778-565-3232


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
Special Sale 3 PCS Set $1150
2 PCS SOFA & LOVE SEAT $1550
2 PCS SOFA & LOVE SEAT $1550
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

ਦੇਗ ਤੇਗ ਫਤਹਿ

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



# ਮਹਾਨ ਨਗਰ ਕੀਰਤਨ

## 1 ਸਤੰਬਰ ਦਿਨ ਐਤਵਾਰ

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 420ਵੇਂ ਪਹਿਲੇ ਪ੍ਰਕਾਸ਼ ਦਿਹਾੜੇ ਦੀ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈ ਹੋਵੇ ਜੀ

ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 420ਵਾਂ ਪ੍ਰਕਾਸ਼ ਦਿਹਾੜਾ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਗੁਰਦੁਆਰਾ ਕਲਗੀਧਰ ਦਰਬਾਰ ਸਾਹਿਬ ਐਬਟਸਫੋਰਡ ਵਿਖੇ 1 ਸਤੰਬਰ ਦਿਨ ਐਤਵਾਰ ਨੂੰ ਬਹੁਤ ਹੀ ਸ਼ਰਧਾ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ।ਆਪ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਮਹਾਨ ਨਗਰ ਕੀਰਤਨ ਵਿਚ ਪਹੁੰਚ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਗੁਰਦੁਆਰਾ ਕਲਗੀਧਰ ਦਰਬਾਰ ਦੇ ਸਮੂਹ ਪ੍ਰਬੰਧਕਾਂ ਵੱਲੋਂ ਲੋਅਰਮੇਨਲੈਂਡ ਦੇ ਸਮੂਹ ਗੁਰਦੁਆਰਾ ਸਾਹਿਬ ਸੁਸਾਇਟੀਆਂ, ਸਮੂਹ ਮੀਡੀਆ ਰੇਡੀਓ ਹੋਸਟਾਂ ਅਤੇ ਟੈਲੀਵਿਜ਼ਨ ਸੰਚਾਲਕਾਂ, ਖਾਲਸਾ ਸਕੂਲ, ਪੰਥਕ ਜਥੇਬੰਦੀਆਂ, ਗਤਕਾ ਪਾਰਟੀਆਂ ਅਤੇ ਸਿੱਖ ਮੋਟਰਸਾਈਕਲ ਕਲੱਬਾਂ ਅਤੇ ਸਿੱਖ ਪੰਥ ਦੀਆਂ ਦਰਦ ਰੱਖਣ ਵਾਲੀਆਂ ਅਤੇ ਗੁਰੂ ਨਾਨਕ ਨਾਮ ਲੇਵਾ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਮਹਾਨ ਨਗਰ ਕੀਰਤਨ ਵਿਚ ਸ਼ਾਮਲ ਹੋ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਜਰੂਰੀ ਬੇਨਤੀ

1. ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ਸਾਰੇ ਨਗਰ ਕੀਰਤਨ ਦੇ ਰਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨੂੰ ਮੁਖ ਰੱਖਦਿਆਂ ਗੁਰੂ ਸਾਹਿਬ ਜੀ ਦੇ ਫਲੋਟ ਤੋਂ ਅਤੇ 5 ਪਿਆਰਿਆਂ ਤੋਂ ਅੱਗੇ ਜਾਣ ਦੀ ਕੋਸ਼ਿਸ਼ ਨਾ ਕੀਤੀ ਜਾਵੇ।
2. ਸਾਰੇ ਨਗਰ ਕੀਰਤਨ ਦੇ ਰਸਤੇ ਸਫਾਈ ਦਾ ਪੂਰਾ ਧਿਆਨ ਰੱਖੋ ਜੀ। ਕੋਈ ਵੀ ਕੂੜਾ ਆਦਿ ਸੜਕਾ ਜਾਂ ਘਰਾਂ ਦੇ ਅੱਗੇ ਨਾ ਸੁੱਟੋ।
3. ਕਾਰਾਂ ਆਦਿ ਕਿਸੇ ਵੀ ਗਲਤ ਜਗ੍ਹਾ ਤੇ ਪਾਰਕ ਨਾ ਕੀਤੀਆਂ ਜਾਣ। ਸਿਟੀ ਹਾਲ ਵੱਲੋਂ ਟੋਅ ਕੀਤੀਆਂ ਜਾਣਗੀਆਂ।
4. ਕੋਈ ਵੀ ਫਲੋਟ ਬਿਨਾ ਇਜਾਜ਼ਤ ਤੋਂ ਨਗਰ ਕੀਰਤਨ ਵਿਚ ਸ਼ਾਮਲ ਨਹੀਂ ਕੀਤੀ ਜਾਵੇਗਾ।




ਆਉਣ ਵਾਲੀਆਂ ਸੰਗਤਾਂ ਹੇਠ ਲਿਖੇ ਥਾਵਾਂ ਤੇ ਕਾਰਾਂ ਪਾਰਕ ਕਰ ਸਕਦੀਆਂ ਹਨ।

**Additional parking areas:**
- Dave Kandal Elementary School
- Harry Sayers Elementary School
- Rick Hansen Secondary School
- Eugene Reimer Middle School
- Church Front Stalls ONLY (located across from Kalgidhar Gurdwara Sahib)

**Following roads will be closed:**
- Blueridge Drive
- Townline Road
- Southern Drive
- Sandpiper Drive
- Goldfinch Drive

(see map for route details )

Rolling Street Closurs will be Effect between 9AM to 5PM

## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

## ਗੁਰਦੁਆਰਾ ਸਾਹਿਬ:604-504-5530